ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-12 ISSUE 2192 | 13 August, 2025 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਅਮਰੀਕਾ 'ਚ ਅਪਰਾਧ ਘਟਾਉਣ ਲਈ ਟਰੰਪ ਸਰਕਾਰ ਨੇ ਪੁਲਿਸ ਵਿਭਾਗ ਆਪਣੇ ਹੱਥ 'ਚ ਲਿਆ

ਵਾਸ਼ਿੰਗਟਨ ਸਾਂਝੀ ਸੋਚ ਬਿਊਰੋ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਸ਼ਹਿਰ ਦੇ ਪੁਲਿਸ ਵਿਭਾਗ ਨੂੰ ਆਪਣੇ ਹੱਥ ਵਿਚ ਲੈ ਰਹੇ ਹਨ ਅਤੇ ਇੱਥੇ ਨੈਸ਼ਨਲ ਗਾਰਡ ਤਾਇਨਾਤ ਕਰ ਰਹੇ ਹਨ, ਤਾਂ ਜੋ ਅਪਰਾਧ ਨੂੰ ਘੱਟ ਕੀਤਾ ਜਾ ਸਕੇ। ਰਾਸ਼ਟਰਪਤੀ ਕਿਹਾ ਕਿ ਉਹ ਰਸਮੀ ਤੌਰ 'ਤੇ ਜਨਤਕ ਸੁਰੱਖਿਆ ਐਮਰਜੈਂਸੀ ਦਾ ਐਲਾਨ ਕਰ ਰਹੇ ਹਨ। ਉਨ੍ਹਾਂ ਨੇ ਅਮਰੀਕੀ ਰਾਜਧਾਨੀ ਵਿਚ ਅਪਰਾਧ ਦੀ ਤੁਲਨਾ ਦੂਜੇ ਵੱਡੇ ਸ਼ਹਿਰਾਂ ਨਾਲ ਕੀਤੀ ਅਤੇ ਕਿਹਾ ਕਿ ਵਾਸ਼ਿੰਗਟਨ ਇਰਾਕ, ਬ੍ਰਾਜ਼ੀਲ ਅਤੇ ਕੋਲੰਬੀਆ ਦੀਆਂ ਰਾਜਧਾਨੀਆਂ ਦੇ ਮੁਕਾਬਲੇ ਸੁਰੱਖਿਆ ਦੇ ਮਾਮਲੇ ਵਿਚ ਮਾੜਾ ਪ੍ਰਦਰਸ਼ਨ ਕਰਦਾ ਹੈ।ਟਰੰਪ ਨੇ ਆਪਣੀ ਨਿਊਜ਼ ਬ੍ਰੀਫਿੰਗ ਵਿਚ ਇਹ ਵੀ ਕਿਹਾ ਕਿ ਪ੍ਰਸ਼ਾਸਨ ਨੇ ਸਾਰੇ ਪਾਰਕਾਂ ਵਿਚੋਂ ਬੇਘਰ ਕੈਂਪਾਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ, "ਅਸੀਂ ਝੁੱਗੀਆਂ-ਝੌਂਪੜੀਆਂ ਤੋਂ ਵੀ ਛੁਟਕਾਰਾ ਪਾ ਰਹੇ ਹਾਂ, ਅਮਰੀਕਾ ਆਪਣੇ ਸ਼ਹਿਰਾਂ ਨੂੰ ਨਹੀਂ ਗੁਆਏਗਾ ਅਤੇ ਵਾਸ਼ਿੰਗਟਨ ਸਿਰਫ਼ ਇੱਕ ਸ਼ੁਰੂਆਤ ਹੈ।"ਉਨ੍ਹਾਂ ਕਿਹਾ ਕਿ ਅਮਰੀਕੀ ਅਟਾਰਨੀ ਜਨਰਲ ਪੈਮ ਬੋਂਡੀ ਵਾਸ਼ਿੰਗਟਨ ਦੇ ਮੈਟਰੋ ਪੁਲਿਸ ਵਿਭਾਗ ਦੀ ਜ਼ਿੰਮੇਵਾਰੀ ਸੰਭਾਲਣਗੇ। ਟਰੰਪ ਲਈ ਵਾਸ਼ਿੰਗਟਨ ਵਿਚ ਜਨਤਕ ਸੁਰੱਖਿਆ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਨੂੰ ਰੋਕਣ ਲਈ ਉਨ੍ਹਾਂ ਦੇ ਹਮਲਾਵਰ ਦਬਾਅ ਤੋਂ ਬਾਅਦ ਉਨ੍ਹਾਂ ਦੇ ਕਾਨੂੰਨ ਲਾਗੂ ਕਰਨ ਵਾਲੇ ਏਜੰਡੇ ਵਿਚ ਇੱਕ ਅਗਲਾ ਕਦਮ ਦਰਸਾਉਂਦੀ ਹੈ। ਹਾਲਾਂਕਿ ਟਰੰਪ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਉਹ ਸੰਘੀ ਸਰਕਾਰ ਵੱਲੋਂ ਵਾਸ਼ਿੰਗਟਨ ਦਾ ਕੰਟਰੋਲ ਆਪਣੇ ਕਬਜ਼ੇ ਵਿਚ ਲੈਣ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੇ ਹਨ।

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

GINNY BEDI LAW PC
Immigration
Divorce
Custody and Support issues
Business Disputes
Living Trusts
Criminal Matters
Misdemeanors
DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com

# ਡੋਨਾਲਡ ਟਰੰਪ ਵੱਲੋਂ ਟੈਰਿਫ਼ ਐਲਾਨ ਤੋਂ ਬਾਅਦ ਭਾਰਤ ਵੱਲੋਂ ਚੀਨ ਲਈ ਸਿੱਧੀਆਂ ਉਡਾਣਾਂ ਹੋਣਗੀਆਂ ਸ਼ੁਰੂ

ਵਾਸ਼ਿੰਗਟਨ ਸਾਂਝੀ ਸੋਚ ਬਿਊਰੋ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰਤ 'ਤੇ ਭਾਰੀ ਟੈਰਿਫ ਲਗਾਉਣ ਦੇ ਐਲਾਨ ਤੋਂ ਬਾਅਦ, ਹੁਣ ਕੇਂਦਰ ਦੀ ਮੋਦੀ ਸਰਕਾਰ ਵੀ ਅਮਰੀਕਾ ਨੂੰ ਕੂਟਨੀਤਿਕ ਤੌਰ 'ਤੇ ਜਵਾਬ ਦੇਣ ਦੀ ਤਿਆਰੀ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਬੰਦ ਕੀਤੀਆਂ ਗਈਆਂ ਭਾਰਤ ਅਤੇ ਚੀਨ ਵਿਚਕਾਰ ਸਿੱਧੀਆਂ ਉਡਾਣਾਂ ਅਗਲੇ ਮਹੀਨੇ ਮੁੜ ਸ਼ੁਰੂ ਹੋ ਸਕਦੀਆਂ ਹਨ।ਇਹ ਇਸ ਗੱਲ ਦਾ ਸੰਕੇਤ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਕੂਟਨੀਤਿਕ ਸਬੰਧ ਕੁਝ ਹੱਦ ਤੱਕ ਸੁਧਰ ਰਹੇ ਹਨ। ਰਾਇਟਰਜ਼ ਦੀ ਇੱਕ ਰਿਪੋਰਟ ਅਨੁਸਾਰ, ਭਾਰਤ ਸਰਕਾਰ ਨੇ ਏਅਰ ਇੰਡੀਆ ਅਤੇ ਇੰਡੀਗੋ ਵਰਗੀਆਂ ਏਅਰਲਾਈਨਾਂ ਨੂੰ ਚੀਨ ਲਈ ਉਡਾਣਾਂ ਸ਼ੁਰੂ ਕਰਨ ਲਈ ਤਿਆਰ ਰਹਿਣ ਲਈ ਕਿਹਾ ਹੈ। ਇਹ ਉਡਾਣਾਂ ਅਚਾਨਕ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ।ਗਲਵਾਨ ਘਾਟੀ ਵਿਚ ਜੂਨ 2020 ਵਿਚ ਹੋਈ ਹਿੰਸਕ ਝੜਪ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧ ਤਣਾਅਪੂਰਨ ਰਹੇ। ਇਸ ਝੜਪ ਤੋਂ ਬਾਅਦ, ਸਰਹੱਦ 'ਤੇ ਫੌਜੀ ਤਾਇਨਾਤੀ ਵਧ ਗਈ ਅਤੇ ਫੌਜੀ ਅਤੇ ਕੂਟਨੀਤਿਕ ਗੱਲਬਾਤ ਦੇ ਕਈ ਦੌਰ ਹੋਏ, ਪਰ ਬਹੁਤ ਸਾਰੇ ਮੁੱਦੇ ਅਜੇ ਵੀ ਅਣਸੁਲਝੇ ਹਨ। ਸਰਹੱਦੀ ਵਿਵਾਦ ਅਤੇ ਕੋਵਿਡ ਕਾਰਨ, ਚੀਨ ਤੋਂ ਨਿਵੇਸ਼ 'ਤੇ ਪਾਬੰਦੀ ਲਗਾ ਦਿੱਤੀ ਗਈ, ਆਯਾਤ ਦੀ ਸਖ਼ਤ ਜਾਂਚ ਕੀਤੀ ਗਈ ਅਤੇ ਸਿੱਧੀਆਂ ਹਵਾਈ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ। ਜਿਸ ਕਾਰਨ ਕਾਰੋਬਾਰੀਆਂ ਅਤੇ ਆਮ ਲੋਕਾਂ ਵਿਚਕਾਰ ਸੰਪਰਕ ਘੱਟ ਗਿਆ।ਪ੍ਰਧਾਨ ਮੰਤਰੀ ਨਰਿੰਦਰ ਮੋਦੀ 28 ਅਗਸਤ ਨੂੰ ਤਿਆਨਜਿਨ ਜਾਣਗੇ, ਜਿੱਥੇ ਉਹ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਸੰਮੇਲਨ ਵਿਚ ਸ਼ਾਮਲ ਹੋਣਗੇ। ਇਹ 2018 ਤੋਂ ਬਾਅਦ ਪਹਿਲੀ ਵਾਰ ਹੋਵੇਗਾ, ਜਦੋਂ ਪ੍ਰਧਾਨ ਮੰਤਰੀ ਮੋਦੀ ਚੀਨ ਜਾਣਗੇ। ਇਸ ਤੋਂ ਪਹਿਲਾਂ, ਉਹ 2018 ਵਿਚ ਐੱਸ.ਸੀ.ਓ. ਸੰਮੇਲਨ ਵਿਚ ਸ਼ਾਮਲ ਹੋਣ ਲਈ ਚੀਨ ਗਏ ਸਨ।ਕੋਵਿਡ-19 ਤੋਂ ਪਹਿਲਾਂ, ਭਾਰਤ ਅਤੇ ਚੀਨ ਵਿਚਕਾਰ ਸਿੱਧੀਆਂ ਉਡਾਣਾਂ ਸਨ, ਪਰ ਮਹਾਂਮਾਰੀ ਕਾਰਨ ਉਨ੍ਹਾਂ ਨੂੰ ਰੋਕ ਦਿੱਤਾ ਗਿਆ ਸੀ। ਹੁਣ ਯਾਤਰੀਆਂ ਨੂੰ ਹਾਂਗਕਾਂਗ, ਸਿੰਗਾਪੁਰ ਜਾਂ ਬੈਂਕਾਕ ਵਰਗੇ ਸ਼ਹਿਰਾਂ ਰਾਹੀਂ ਯਾਤਰਾ ਕਰਨੀ ਪੈਂਦੀ ਹੈ, ਜਿਸ ਨਾਲ ਸਮਾਂ ਅਤੇ ਲਾਗਤ ਦੋਵੇਂ ਵਧ ਜਾਂਦੇ ਹਨ। ਸਿੱਧੀਆਂ ਉਡਾਣਾਂ ਸ਼ੁਰੂ ਕਰਨ ਨਾਲ ਯਾਤਰਾ ਆਸਾਨ ਅਤੇ ਸਸਤੀ ਹੋ ਜਾਵੇਗੀ।

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

PAL FILMS & PHOTO BOOKS
WWW.PALFILMS.COM
All Your Photo/Videography & Post Production needs Under One Roof
Music Video | Pre Shoots | Weddings | Birthdays | Graduations Stage Shows Or Any Kind Of Events | Customize Photobooks (upto 6 feet) Video Editing VFX/DI/CC & Much More....
Full Photo & Videography studio with Green Screen Blue Screen
PH: (925) 489 3400, (341) 356 1517
4007 Railroad Ave Pittsburgh, CA 94565 | Email: palfilms@yahoo.com, palfilms925@gmail.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

EQUAL HOUSING OPPORTUNITY

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# 60 ਹਜ਼ਾਰ ਅੱਖਾਂ ਦੇ ਮੁਫ਼ਤ ਅਪ੍ਰੇਸ਼ਨ ਕਰਕੇ ਰਚਿਆ ਇਤਿਹਾਸ

# ਸਿਆਸੀ ਘੱਟ ਅਤੇ ਸਮਾਜ ਸੇਵੀ ਵੱਧ ਹਨ- ਐਮਐਲਏ ਡਾ: ਚਰਨਜੀਤ ਚੰਨੀ



ਇੱਥੇ ਮੈਨੂੰ ਬਾਬਾ ਨਾਜ਼ਮੀ ਦੀਆਂ ਉਹ ਸਤਰਾਂ ਯਾਦ ਆਉਂਦੀਆਂ ਹਨ ਜਿਸ ਵਿਚ ਉਹ ਲਿਖਦੇ ਹਨ :

ਬੇ ਹਿੰਮਤ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ
ਮੰਜ਼ਲ ਦੇ ਮੱਥੇ ਦੇ ਉੱਤੇ ਤਖ਼ਤੀ ਲੱਗਦੀ ਉਨਾਂ ਦੇ
ਜਿਹੜੇ ਘਰੋਂ ਬਣਾ ਕੇ ਤੁਰਦੇ ਨਕਸ਼ਾ ਆਪਣੇ ਸਫ਼ਰਾਂ ਦਾ

ਪੰਜਾਬ ਦੇ ਸ਼੍ਰੀ ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਐੱਮਐੱਲਏ ਡਾ ਚਰਨਜੀਤ ਸਿੰਘ ਚੰਨੀ ਨਾਲ ਮੇਰਾ ਵਾਹ ਵਾਸਤਾ ਚਰੋਕਣਾ ਚਲਿਆ ਆ ਰਿਹਾ ਹੈ।ਭਾਵ ਇੱਕ ਦਹਾਕਾ ਪਹਿਲਾਂ ਦਾ।ਜਦੋਂ ਉਨ੍ਹਾਂ ਨੂੰ ਪੰਜਾਬ ਕਾਂਗਰਸ ਡਾਕਟਰ ਸੈੱਲ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ।ਇਕ ਪੈਟਰੋਲ ਪੰਪ ਤੇ ਸਾਡੀ ਪਹਿਲੀ ਮੁਲਾਕਾਤ ਹੋਈ ਤੇ ਮੁਲਾਕਾਤ ਦਾ ਸਬੱਬ ਬਣੇ ਡਾ ਸਿਕੰਦਰ ਸਿੰਘ।ਜੋ ਕਸਬਾ ਬਸੀ ਪਠਾਣਾਂ ਤੋਂ ਹਨ।ਡਾ.ਸਿਕੰਦਰ ਸਿੰਘ ਜਿਥੇ ਮੇਰੇ ਦੋਸਤ ਹਨ, ਉਥੇ ਉਹ ਡਾ.ਚਰਨਜੀਤ ਸਿੰਘ ਚੰਨੀ ਦੇ ਵੀ ਚੰਗੇ ਦੋਸਤ ਹਨ।

ਗੱਲ ਇਉਂ ਹੋਈ ਕਿ ਉਸ ਵਕਤ ਡਾ ਚਰਨਜੀਤ ਸਿੰਘ ਚੰਨੀ ਨੂੰ ਪਾਰਟੀ ਹਾਈ ਕਮਾਂਡ ਵੱਲੋਂ ਪੰਜਾਬ ਕਾਂਗਰਸ ਡਾਕਟਰ ਸੈੱਲ ਦਾ ਬਤੌਰ ਚੇਅਰਮੈਨ ਬਣਾਇਆ ਗਿਆ।ਉਨ੍ਹਾਂ ਦੀ ਜ਼ਿੰਮੇਵਾਰੀ ਪੂਰੇ ਪੰਜਾਬ ਅੰਦਰ ਡਾਕਟਰ ਸੈੱਲ ਦੇ ਅਹੁਦੇਦਾਰ ਬਣਾਉਣ ਦੀ ਸੀ।ਜਿਸ ਤੇ ਮੈਂ ਤੇ ਮੇਰਾ ਦੋਸਤ ਡਾ.ਹਰਪਾਲ ਸਲਾਣਾ, ਜਿਸ ਦੀ ਸਿਫ਼ਾਰਸ਼ ਡਾ ਸਿਕੰਦਰ ਸਿੰਘ ਵੱਲੋਂ ਜ਼ਿਲ੍ਹਾ ਪ੍ਰਧਾਨ ਬਣਾਏ ਜਾਣ ਦੀ ਕੀਤੀ ਗਈ ਸੀ । ਇਸ ਤਰ੍ਹਾਂ ਅਸੀਂ ਡਾ ਚਰਨਜੀਤ ਸਿੰਘ ਚੰਨੀ ਨੂੰ ਪਹਿਲੀ ਵਾਰ ਚੰਡੀਗੜ੍ਹ ਦੇ ਇਕ ਪੈਟਰੋਲ ਪੰਪ ਤੇ ਮਿਲੇ।ਜਿੱਥੇ ਪੰਜਾਬ ਅੰਦਰ ਡਾਕਟਰ ਸੈੱਲ ਦਾ ਵਿੰਗ ਖੜਾ ਕਰਨ ਸਬੰਧੀ ਸਾਡੀ ਰਸਮੀ ਗੱਲਬਾਤ ਹੋਈ ।ਗੱਲਬਾਤ ਦੌਰਾਨ ਉਨ੍ਹਾਂ ਵੱਲੋਂ ਡਾ.ਹਰਪਾਲ ਸਲਾਣਾ ਦਾ ਬਾਇਓਡੈਟਾ ਲਿਆ ਗਿਆ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਕਾਂਗਰਸ ਡਾਕਟਰ ਸੈੱਲ ਦਪ੍ਰਧਾਨ ਨਿਯੁਕਤ ਕਰਨ ਦੀ ਹਾਮੀ ਭਰੀ ਗਈ ।ਜੋ ਬਾਅਦ ਵਿੱਚ ਉਨ੍ਹਾਂ ਵੱਲੋਂ ਨਿਯੁਕਤ ਵੀ ਕੀਤਾ ਗਿਆ ।ਬਸ ! ਉਹੋ ਮੇਰੀ ਡਾ ਚਰਨਜੀਤ ਸਿੰਘ ਚੰਨੀ ਨਾਲ ਪਹਿਲੀ ਮੁਲਾਕਾਤ ਸੀ ।ਉਸ ਤੋਂ ਮਗਰੋਂ ਗਾਹੇ ਬਗਾਹੇ ਉਨਾਂ ਨਾਲ ਮੇਰਾ ਰਾਬਤਾ ਹੁੰਦਾ ਰਹਿੰਦਾ।ਡਾ ਚਰਨਜੀਤ ਸਿੰਘ ਚੰਨੀ ਅੱਖਾਂ ਦੇ ਸਪੈਸ਼ਲਿਸਟ ਹਨ ਅਤੇ ਪੀਜੀਆਈ ਤੋਂ ਰਿਟਾਇਰ ਹਨ।ਉਨ੍ਹਾਂ ਦੇ ਸੁਭਾਅ ਚ ਅੱਤ ਦੀ ਹਲੀਮੀ ਤੇ ਸਾਊਪੁਣਾ ਹੈ।

ਉਹ ਇਲਾਕੇ ਵਿੱਚ ਹੀ ਨਹੀਂ ਸਗੋਂ ਪੂਰੇ ਪੰਜਾਬ ਅੰਦਰ ਉਹ ਇੱਕ ਉੱਘੇ ਸਮਾਜ ਸੇਵੀ ਦੇ ਤੌਰ ਤੇ ਵੀ ਜਾਣੇ ਜਾਂਦੇ ਹਨ ।ਹੌਲੀ ਹੌਲੀ ਉਨ੍ਹਾਂ ਨਾਲ ਮੇਰੇ ਤਾਅਲੁਕਾਤ ਗੂੜੇ ਤੇ ਪੀਡੇ ਹੁੰਦੇ ਚਲੇ ਗਏ।ਪੀਜੀਆਈ ਤੋਂ ਰਿਟਾਇਰ ਹੋਣ ਮਗਰੋਂ ਉਨ੍ਹਾਂ ਨੇ ਮੋਰਿੰਡਾ ਵਿਖੇ ਇਕ ਹਸਪਤਾਲ (ਸ਼ੁਭਕਰਮਨ ਮਲਟੀ ਸਪੈਸ਼ਲਿਸਟ )ਚਲਾਇਆ ਹੋਇਆ ਹੈ। ਜਿੱਥੇ ਉਹ ਲੋਕਾਂ ਦੀ ਬਹੁਤ ਹੀ ਨਾ ਮਾਤਰ ਫੀਸ ਚ ਜਾਂ ਫਿਰ ਫ੍ਰੀ ਸੇਵਾ ਕਰਦੇ ਸਨ।ਗੱਲਬਾਤ ਕਰਦਿਆਂ ਉਹ ਅਕਸਰ ਦੱਸਦੇ ਹੁੰਦੇ ਹਨ ਕਿ ਉਨ੍ਹਾਂ ਵੱਲੋਂ ਹੁਣ ਤੱਕ ਹਜ਼ਾਰ੍ਹਾ ਅੱਖਾਂ ਦੇ ਫਰੀ ਚੈੱਕਅੱਪ ਕੈਂਪ ਲਾਏ ਗਏ ਹਨ। ਜਿਸ ਵਿੱਚ 60 ਹਜ਼ਾਰ ਤੋਂ ਵਧੇਰੇ ਮਰੀਜ਼ਾਂ ਦੀਆਂ ਅੱਖਾਂ ਦੇ ਅਪਰੇਸ਼ਨ ਕੀਤੇ ਜਾ ਚੁੱਕੇ ਹਨ।ਚੰਡੀਗੜ੍ਹ ਤੋਂ ਖੰਨੇ ਆਉਂਦੇ ਵਕਤ ਕਈ ਵਾਰ ਮੈਂ ਚੁੰਨੀ ਮਛਲੀ ਆਉਣ ਦੀ ਬਜਾਏ ਵਾਇਆ ਮੋਰਿੰਡਾ ਆ ਜਾਇਆ ਕਰਨਾ ਤੇ ਮੈਂ ਉਨ੍ਹਾਂ ਦੇ ਹਸਪਤਾਲ ਖਲੋ ਜਾਣਾ ।ਚਾਹ ਪਾਣੀ ਪੀਣਾ।ਗੱਲਾਂ ਬਾਤਾਂ ਕਰਨੀਆਂ।ਜਿਸ ਨਾਲ ਸਾਡੀ ਨੇੜਤਾ ਵਧਦੀ ਗਈ ।ਉਹ ਵੀ ਮੇਰੇ ਕੋਲ ਲੰਘਦੇ ਆਉਂਦੇ ਕਦੇ ਕਦਾਂਈ ਖੰਨੇ ਆ ਜਾਇਆ ਕਰਦੇ।

ਮੇਰੀਆਂ ਅੱਖਾਂ ਦੇ ਨਾਖ਼ੂਨੇ ਦਾ ਅਪਰੇਟ ਵੀ ਉਨ੍ਹਾਂ ਵੱਲੋਂ ਹੀ ਕੀਤਾ ਗਿਆ।ਉਨ੍ਹਾਂ ਦਾ ਹੱਥ ਬੜਾ ਸਾਫ਼ ਹੈ।ਜਿਸ ਕਰਕੇ ਮੈਂ ਆਪਣੇ ਬਹੁਤ ਸਾਰੇ ਜਾਣਕਾਰਾਂ ਦੀਆਂ ਅੱਖਾਂ ਚੈੱਕ ਕਰਵਾਉਣ ਲਈ ਅਕਸਰ ਉਨ੍ਹਾਂ ਕੋਲ ਚਲਾ ਜਾਂਦਾ।ਇਸ ਤਰ੍ਹਾਂ ਸਾਡਾ ਆਪਸ ਵਿਚ ਮਿਲਣ ਦਾ ਸਿਲਸਿਲਾ ਜਾਰੀ ਰਿਹਾ ਜੋ ਅੱਜ ਵੀ ਜਾਰੀ ਹੈ। ਸੰਨ 2015 ਦੇ ਕਰੀਬ ਉਨ੍ਹਾਂ ਨੇ ਕਾਂਗਰਸ ਨੂੰ ਅਲਵਿਦਾ ਆਖ ਕੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਆਮ ਆਦਮੀ ਪਾਰਟੀ ਜੁਆਇਨ ਕਰ ਲਈ।

ਉਹ ਹਸਪਤਾਲ ਵਿਖੇ ਮਰੀਜ਼ਾਂ ਦਾ ਇਲਾਜ ਕਰਨ ਦੇ ਨਾਲ ਨਾਲ ਹਲਕੇ ਅੰਦਰ ਆਮ ਆਦਮੀ ਪਾਰਟੀ ਦੀਆਂ ਗਤੀਵਿਧੀਆਂ ਵੀ ਚਲਾਉਂਦੇ ਆ ਰਹੇ ਹਨ ।ਜਿਸ ਉਤੇ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੌਜੂਦਾ ਮੁੱਖ ਮੰਤਰੀ ਮਾਣਯੋਗ ਸ:ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਲੋ ਸ੍ਰੀ ਚਮਕੌਰ ਸਾਹਿਬ ਤੋਂ ਐਮ ਐਲ ਏ ਦੀ ਟਿਕਟ ਦਿੱਤੀ ਗਈ ।ਪਰ ਉਹ ਨਾ ਮਾਤਰ ਫਰਕ ਨਾਲ ਹਾਰ ਗਏ।ਪ੍ਰੰਤੂ ਉਨ੍ਹਾਂ ਨੇ ਸਮਾਜ ਸੇਵੀ ਕੰਮਾਂ ਨੂੰ ਨਿਰੰਤਰ ਜਾਰੀ ਰੱਖਿਆ ਅਤੇ ਨਾਲ ਹੀ ਆਪਣੇ ਹਲਕੇ ਦੇ ਲੋਕਾਂ ਵਿਚ ਵਿਚਰਦੇ ਰਹੇ ।ਡਾ ਚਰਨਜੀਤ ਸਿੰਘ ਚੰਨੀ ਸਖ਼ਤ ਮਿਹਨਤ ਦਾ ਲੜ ਫੜ ਕੇ ਸਿਆਸੀ ਪੌੜੀਆਂ ਚੜ੍ਹਨ ਵਿਚ ਜੁਟੇ ਰਹੇ।ਜਿਸ ਦੀ ਬਦੌਲਤ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਰੀਬ ਅੱਠ ਹਜ਼ਾਰ ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ਚਮਕੌਰ ਸਾਹਿਬ ਹਲਕੇ ਤੋਂ ਇਤਿਹਾਸਕ ਜਿੱਤ ਹਾਸਲ ਕੀਤੀ।

ਇਕ ਵਾਰ ਦਾ ਕਿੱਸਾ ਹੈ ਕੇ ਡਾ:.ਸਾਹਿਬ ਤੇ ਮੈ ਆਪਣੇ ਕਿਸੇ ਨਿੱਜੀ ਕੰਮ ਲਈ ਪੰਜਾਬ ਦੇ ਸਾਬਕਾ ਸਿੱਖਿਆਮੰਤਰੀ ਮੀਤ ਹੇਅਰ ਨੂੰ ਮਿਲਣ ਗਏ ।ਜਿਉਂ ਹੀ ਅਸੀਂ ਮੁੱਖ ਸਕੱਤਰੇਤ ਅੰਦਰ ਗਏ ਤਾਂ ਜੋ ਵੀ ਰਾਹ ਵਿੱਚ ਮਿਲਦਾ ਉਹ ਵਧਾਈ ਦੇਣ ਦੇ ਨਾਲ ਨਾਲ ਆਖਦਾ ਡਾਕਟਰ ਸਾਹਿਬ ਤੁਸੀਂ ਬਾਬਾ ਬੋਹੜ ਪੱਟ ਦਿੱਤਾ ਹੈ ਸੁਆਦ ਲਿਆ ਦਿੱਤਾ।

ਮਿਲਣ ਵਾਲੇ ਡਾ ਸਾਹਿਬ ਨਾਲ ਚਾਈਂ ਚਾਈਂ ਫੋਟੋ ਖਿਚਾਉਂਦੇ ਤੇ ਸੈਲਫੀ ਵੀ ਲੈਂਦੇ। ਇਸ ਤਰ੍ਹਾਂ ਉਨ੍ਹਾਂ ਦੀ ਮਕਬੂਲੀਅਤ ਨੂੰ ਮੈਂ ਆਪਣੀ ਅੱਖੀਂ ਵੇਖਿਆ ਹੈ ।ਉਨ੍ਹਾਂ ਦੀ ਸਮਾਜਸੇਵੀ ਦਿੱਖ ਸਦਕਾ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਪਲਕਾਂ ਤੇ ਬਿਠਾਇਆ ਹੈ। ਆਪਣਾ ਨੇਤਾ ਚੁਣਿਆ ਹੈ। ਮੈਂ ਸੋਚਦਾ ਹਾਂ ਕਿ ਲੋਕਾਂ ਵੱਲੋਂ ਸਮਾਜਸੇਵੀ ਨੂੰ ਆਪਣਾ ਨੇਤਾ ਚੁਣਨਾ ਇਕ ਚੰਗੇ ਤੇ ਨਰੋਏ ਸਮਾਜ ਦੇ ਸੰਕੇਤ ਹਨ।ਇਕ ਬਹੁਤ ਹੀ ਗ਼ਰੀਬ ਪਰਿਵਾਰ ਵਿੱਚੋਂ ਉੱਠ ਕੇ ਵਿਧਾਇਕ ਬਣਨਾ,ਉਹ ਵੀ ਸੂਬੇ ਦੇ ਮੁੱਖ ਮੰਤਰੀ ਨੂੰ ਹਰਾ ਕੇ ।ਵਾਕਿਆ ਹੀ ! ਉਨ੍ਹਾਂ ਦੀ ਇਹ ਉਪਲੱਬਧੀ ਆਪਣੇ ਆਪ ਵਿਚ ਇਕ ਮਿਸਾਲ ਹੈ ।

ਉਨ੍ਹਾਂ ਦੀ ਸੋਚ ਨੂੰ ਇੱਕ ਸ਼ੇਅਰ ਦੇ ਜ਼ਰੀਏ ਪਾਠਕਾਂ ਸਨਮੁੱਖ ਰੱਖਣਾ ਚਾਹੁੰਦਾ ਹਾਂ :

ਇਬਾਦਤ ਹੈ ਦੁਖੀਓਂ ਕੀ ਇਮਦਾਦ ਕਰਨਾ ।
ਜੋ ਬਰਬਾਦ ਹੋ,ਉਨ ਕੋ ਆਬਾਦ ਕਰਨਾ ॥
ਖ਼ੁਦਾ ਕੀ ਨਮਾਜ਼ ,ਔਰ ਪੂਜਾ ਯਹੀ ਹੈ ।
ਜੋ ਨਿਸ਼ਾਦ ਹੋ ,ਉਨਕੋ ਦਿਲਸ਼ਾਦ ਕਰਨਾ॥

ਡਾ:ਚਰਨਜੀਤ ਸਿੰਘ ਚੰਨੀ ਬੇਸ਼ੱਕ ਹੁਣ ਵਿਧਾਇਕ ਹਨ।ਪਰ ਉਹਨਾਂ ਦਾ ਆਮ ਲੋਕਾਂ ਨਾਲ ਗੱਲਬਾਤ ਕਰਨ ਦਾ ਲਹਿਜਾ ਇਕ ਆਮ ਬੰਦੇ ਵਰਗਾ ਹੀ ਹੈ,ਨੇਤਾ ਵਰਗਾ ਨਹੀਂ।

ਉਹ ਮੋਰਿੰਡੇ ਆਪਣੇ ਹਪਤਾਲ ਚ ਚ ਆਮ ਵਾਂਗ ਮਰੀਜ਼ਾਂ ਦਾ ਚੈੱਕਅੱਪ ਕਰਦੇ ਹਨ ਤੇ ਦੂਜੇ ਪਾਸੇ ਹਲਕੇ ਦੇ ਲੋਕਾਂ ਨੂੰ ਵੀ ਪੂਰਾ ਵਕਤ ਦਿੰਦੇ ਹਨ ।ਉਹਨਾਂ ਦੀ ਗੱਲਬਾਤ ਸੁਣ ਕੇ ਮਸਲੇ ਨੂੰ ਨਜਿੱਠਦੇ ਹਨ ।ਉਹ ਹਲਕੇ ਦੇ ਵਿਕਾਸ ਪ੍ਰਤੀ ਵੀ ਪੂਰੀ ਤਰਾਂ ਸੰਜੀਦਾ ਹਨ ।ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਰਹਿਨੁਮਾਹੀ ਤੇ ਅਗਵਾਹੀ ਚ ਉਹ ਚਮਕੌਰ ਸਾਹਿਬ ਹਲਕੇ ਦੇ ਵਿਕਾਸ ਵਾਸਤੇ ਸਿਰਤੋੜ ਯਤਨ ਕਰਦੇ ਰਹਿੰਦੇ ਹਨ ।ਉਹਨਾਂ ਦੀ ਇੱਛਾ ਹੈ ਕੇ ਚਮਕੌਰ ਸਾਹਿਬ ਹਲਕਾ ਪੰਜਾਬ ਦਾ ਸਭ ਤੋ ਮੋਹਰੀ ਹਲਕਾ ਬਣੇ।ਹੁਣ ਵੀ ਲੋਕਾਂ ਦੀ ਬਿਹਤਰੀ ਤੇ ਹਲਕੇ ਦੇ ਵਿਕਾਸ ਨੂੰ ਲੈ ਕੇ ਬੇਹੱਦ ਗੰਭੀਰ ਹਨ ਤੇ ਦਿਨ ਰਾਤ ਸਿਰ ਤੋੜ ਯਤਨ ਕਰ ਰਹੇ ਹਨ।




Information in Public Interest

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।


LIVE OAK PUNJABI HERITAGE ASSOCIATION
PROUDLY PRESENTS
TEEYAN LIVE OAK DIYAN
BIGGEST & BEST BACK FOR THE 15TH YEAR
DESIGN BY SUNNY KAMBOZ
ENTRY TICKET
1 RAFFLE TICKET
$20
AT THE GATE
KIDS UNDER 5YRS FREE
GARRY
Sandhu
MEET WITH PROF.BALWINDER KAUR BRAR
Sat, August 23th 2025 @2:00pm
LIVE OAK HIGH SCHOOL
2082 PENNINGTON RD-LIVE OAK CA 95953
FOR MORE INFORMATION & SPONSORSHIP CONTACT
JASWINDER 530 301 9258 | JAY 530 218 9095


E-MAIL:SALES@ezeldsolutions.com
EZ ELD SOLUTIONS
LOGBOOKS MADE EASY
TRACK YOUR TRUCK WITH
EZ TRUCK SOLUTION
ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ
FMCSA Complaint & Affordable
The Power of telematics in the palm of your hand
Compliance | Asset Tracking | Management
$100 HARDWARE
ONE-TIME FEE
PT30
$20 MONTHLY
SUBSCRIPTION
24/7 TECHNICAL SUPPORT IN
ENGLISH,SPANISH AND PUNJABI.
CALL NOW +1 (800) 556-7105
Official Address : 2301 W Belmont ave, Fresno, CA 93727

# ivps

# India Visa & Passport Services

## ਸਾਰੇ ਹੀ ਕੰਮ ਬਹੁਤ ਹੀ ਸਸਤੇ ਰੇਟਾਂ ਤੇ ਕੀਤੇ ਜਾਂਦੇ ਹਨ।

| ਸੇਵਾਵਾਂ | SERVICES |
|---|---|
| ਪਾਸਪੋਰਟ ਨਵਾ ਬਣਾਉਣਾ ਹੋਵੇ ਜਾਂ ਉਸ ਦੀ ਤਰੀਕ ਵਧਾਉਣੀ ਹੋਵੇ | New or Renew Passport Application |
| ਇੰਡੀਆ ਜਾਣ ਲਈ ਵਾਪਸੀ ਪੱਤਰ ਲੈ ਕੇ ਪੱਕੇ ਤੋਰ ਤੇ ਇੰਡੀਆ ਜਾਣਾ ਹੋਵੇ | Emergency Certificate (EC)-Travel Document |
| ਇੰਡੀਆ ਦਾ ਵੀਜ਼ਾ ਲੈਣਾ ਹੋਵੇ | Sticker Visa or Evisa Application |
| Surrender ਸਰਟੀਫਕੇਟ ਲੈਣਾ ਹੋਵੇ | Renunciation/ Surrender Certificate application |
| OCI ਲੈਣ ਵਾਸਤੇ | OCI application |
| ਹੇਠ ਲਿਖੇ ਦਸਤਾਵੇਜ਼ਾਂ ਦੀ ਤਸਦੀਕ ਕਰਾਉਣੀ ਹੋਵੇ<br>• ਪਾਵਰ ਆਫ ਅਟਾਰਨੀ ਅਟੈਸਟ ਕਰਵਾਉਣਾ ਹੋਵੇ<br>• ਲ਼ਾਈਫ ਸਰਟੀਫਕੇਟ ਬਣਾਉਣ ਲਈ<br>• ਜੇਕਰ ਬੱਚਾ ਇੰਡੀਆ ਹੈ ਤਾਂ ਉਸ ਦਾ ਪਾਸਪੋਰਟ ਬਣਾਉਣ ਲਈ ਅਮਰੀਕਾ ਤੋਂ affidavit ਭੇਜਣਾ ਹੋਵੇ<br>• ਅਸਤ ਪਾਉਣ ਲਈ ਇੰਡੀਆ ਲੈਕੇ ਜਾਣ ਲਈ ਪੈਪਰ ਅਟੈਸਟ ਕਰਵਾਉਣੇ ਹੋਣ | Attestations of following documents<br>• Power of Attorney<br>• Life Certificate<br>• Affidavit for child passport to be issued India<br>• Death Documents Attestations - Transportation of Ashes/Mortal Remains to India |

## Surrender Certificate/ Visa ਜਾ Surrender Certificate/OCI ਲੈਣ ਲਈ Package Price ਵੀ ਦਿੰਦੇ ਹਾਂ।












- ਅਸੀ ਤੁਹਾਡੀ ਸੇਵਾ ਵਿੱਚ 7 days a week ਹਾਜ਼ਰ ਹਾਂ।
- Emergency ਸਮੇਂ ਕਿਸੇ ਵੀ ਸਮੇਂ ਕਾਲ ਕਰੋ ਤੁਹਾਡੀ ਸੇਵਾ ਲਈ 24 ਘੰਟੇ ਹਾਜਰ ਹਾਂ। (Emergency ਸੇਵਾਵਾਂ ਦੇ ਵੱਖਰੇ ਪੈਸੇ ਲਏ ਜਾਣਗੇ)

**ਪਰੇਸ਼ਾਨ ਹੋਣ ਦੀ ਲੋੜ ਨਹੀ ਹੁਣੇ ਕਾਲ ਕਰੋ**

**Boota Singh Basi (209) 303-1260**


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
Video Advertising
POSTERS DESIGN
We design flyers, Posters and
Post Cards to promote your business
Positive Vibes
BUSINESS CARD DESIGN
WE DESIGN YOUR
BUSINESS CARD
COMPANY NAME
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮੁਅੱਤਲ ਸਿੱਖਿਆ ਵਿਭਾਗ ਨੇ ਇਸ ਗੱਲੋਂ ਕੀਤੀ ਕਾਰਵਾਈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ




ਸਿੱਖਿਆ ਪ੍ਰਣਾਲੀ ਵਿੱਚ ਜਵਾਬਦੇਹੀ ਅਤੇ ਉੱਚ ਮਿਆਰੀ ਨੈਤਿਕ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਇੱਕ ਫੈਸਲਾਕੁੰਨ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਅੱਜ ਬਾਘਾਪੁਰਾਣਾ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ(ਬੀਪੀਈਓ) ਦੇਵੀ ਪ੍ਰਸਾਦ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਉਕਤ ਅਧਿਕਾਰੀ ਦੇ ਅਭੱਦਰ ਅਤੇ ਅਨੈਤਿਕ ਵਿਵਹਾਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ।ਇਹ ਕਾਰਵਾਈ ਪੰਜਾਬ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਿਰਦੇਸ਼ਾਂ 'ਤੇ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਅਨਿੰਦਿਤਾ ਮਿਤਰਾ ਵੱਲੋਂ ਕੀਤੀ ਗਈ ਹੈ।ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਿੱਖਿਆ ਪ੍ਰਣਾਲੀ ਵਿੱਚ ਕੁਤਾਹੀ, ਅਨੁਸ਼ਾਸਨਹੀਣਤਾ ਜਾਂ ਅਨੈਤਿਕ ਗਤੀਵਿਧੀਆਂ ਲਈ ਕੋਈ ਥਾਂ ਨਹੀਂ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਜਾਂ ਆਪਣੀ ਡਿਊਟੀ ਵਿੱਚ ਕੁਤਾਹੀ ਕਰਨ ਵਾਲੇ ਕਿਸੇ ਵੀ ਅਧਿਕਾਰੀ/ਕਰਮਚਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦਿਆਰਥੀਆਂ ਅਤੇ ਸਟਾਫ਼ ਦੇ ਹਿੱਤਾਂ ਦੀ ਭਲਾਈ ਲਈ ਸਕੂਲ ਪ੍ਰਸ਼ਾਸਨ ਵਿੱਚ ਅਨੁਸ਼ਾਸਨ ਅਤੇ ਉੱਚ ਨੈਤਿਕ ਕਦਰਾਂ ਕੀਮਤਾਂ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ- ਬ੍ਰਹਮਪੁਰਾ

ਤਰਨ ਤਾਰਨ
ਰਕੇਸ਼ ਨਈਅਰ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ 'ਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਪਾਰਟੀ ਪ੍ਰਧਾਨ, ਮਾਣਯੋਗ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਮੁੜ ਪਾਰਟੀ ਦਾ ਉਪ-ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਜੋ ਵਿਸ਼ਵਾਸ ਉਨ੍ਹਾਂ 'ਤੇ ਪ੍ਰਗਟਾਇਆ ਹੈ, ਉਹ ਉਸ 'ਤੇ ਖਰਾ ਉਤਰਨ ਲਈ ਦਿਨ-ਰਾਤ ਇੱਕ ਕਰ ਦੇਣਗੇ।

ਇਸ ਸ਼ੁਭ ਮੌਕੇ ਬ੍ਰਹਮਪੁਰਾ ਨੇ ਕਿਹਾ ਕਿ ਉਹ ਬਾਦਲ ਦੀ ਦੂਰਅੰਦੇਸ਼ੀ ਅਤੇ ਮਿਹਨਤੀ ਅਗਵਾਈ ਦੇ ਕਾਇਲ ਹਨ, ਜਿੰਨ੍ਹਾਂ ਨੇ ਹਮੇਸ਼ਾ ਪਾਰਟੀ ਦੇ ਟਕਸਾਲੀ ਅਤੇ ਮਿਹਨਤੀ ਵਰਕਰਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਹੈ। ਉਨ੍ਹਾਂ ਕਿਹਾ, "ਮੈਂ ਪਾਰਟੀ ਪ੍ਰਧਾਨ ਸਾਹਿਬ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ, ਜਿੰਨ੍ਹਾਂ ਨੇ ਮੈਨੂੰ ਇਸ ਵੱਡੀ ਜ਼ਿੰਮੇਵਾਰੀ ਦੇ ਯੋਗ ਸਮਝਿਆ। ਮੈਂ ਉਨ੍ਹਾਂ ਨੂੰ ਅਤੇ ਸਮੁੱਚੀ ਪਾਰਟੀ ਲੀਡਰਸ਼ਿਪ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਪਾਰਟੀ ਦੀ ਵਿਚਾਰਧਾਰਾ ਅਤੇ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗਾ।ਬ੍ਰਹਮਪੁਰਾ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਅਤੇ ਪੰਥ ਦੀ ਨੁਮਾਇੰਦਾ ਜਮਾਤ ਹੈ ਅਤੇ ਉਹ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਹੇਠਲੇ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਸਾਰੇ ਵਰਕਰਾਂ ਅਤੇ ਆਗੂਆਂ ਨੂੰ ਨਾਲ ਲੈ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਟੀਚਾ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨਾ ਅਤੇ ਮੌਜੂਦਾ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕਰਨਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਇਸ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ, ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣਗੇ।

# ਹੈਰੋਇਨ ਅਤੇ 12 ਬੋਤਲਾਂ ਸ਼ਰਾਬ ਸਮੇਤ ਤਿੰਨ ਗ੍ਰਿਫ਼ਤਾਰ

ਲੁਧਿਆਣਾ
ਸਾਂਝੀ ਸੋਚ ਬਿਊਰੋ

ਲੁਧਿਆਣਾ ਦਿਹਾਤੀ ਪੁਲਿਸ ਨੇ ਤਿੰਨ ਵਿਅਕਤੀਆਂ ਨੂੰ 12 ਗ੍ਰਾਮ ਹੈਰੋਇਨ ਅਤੇ 12 ਬੋਤਲਾਂ ਸਮੇਤ ਕਾਬੂ ਕਰਨ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ। ਪਹਿਲੇ ਮਾਮਲੇ ਵਿੱਚ ਥਾਣਾ ਸਿੱਧਮਾ ਬੇਟ ਦੇ ਏਐਸਆਈ ਮਨਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਨੂੰ ਗੁਪਤ ਸੂਚਨਾ ਮਿਲੀ ਕੀ ਜਗਦੀਸ਼ ਸਿੰਘ ਮਟਰੀ ਪੁੱਤਰ ਸ਼ੁਭਾਸ ਸਿੰਘ ਵਾਸੀ ਪਿੰਡ ਕੋਟ ਉਮਰਾ ਜੋ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ ਅੱਜ ਵੀ ਸ਼ਮਸ਼ਾਨ ਘਾਟ ਭੂੰਦੜੀ ਵਿਖੇ ਖੜਾ ਹੋ ਕੇ ਹੈਰਨ ਵੇਚ ਰਿਹਾ ਹੈ। ਪੁਲਿਸ ਨੇ ਮਿਲੀ ਸੂਚਨਾ ਦੇ ਆਧਾਰ ਤੇ ਮਟਰੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਛੇ ਗ੍ਰਾਮ ਹੈਰੋਨ ਬਰਾਮਦ ਕੀਤੀ ਹੈ। ਹੈਰੋਇਨ ਨਾਲ ਕਾਬੂ ਕੀਤੇ ਗਏ ਜਗਦੀਸ਼ ਸਿੰਘ ਖਿਲਾਫ ਪਹਿਲਾਂ ਵੀ ਥਾਣਾ ਸਿੱਧਵਾਂ ਬੇਟ ਵਿਖੇ ਪੰਜ ਮਾਮਲੇ ਦਰਜ ਹਨ।ਦੂਸਰੇ ਮਾਮਲੇ ਵਿੱਚ ਥਾਣਾ ਦਾਖਾ ਦੇ ਏਐਸਆਈ ਗੁਰਮੀਤ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਨੂੰ ਚੈਕਿੰਗ ਦੌਰਾਨ ਪਿੰਡ ਪੁੜੈਣ ਦੀ ਦਾਣਾ ਮੰਡੀ ਨਜ਼ਦੀਕ ਨੌਜਵਾਨ ਘੁੰਮਦਾ ਦਿਖਾਈ ਦਿੱਤਾ ਜੋ ਪੁਲਿਸ ਨੂੰ ਦੇਖ ਕੇ ਘਬਰਾਹ ਗਿਆ। ਪੁਲਿਸ ਨੇ ਸ਼ੱਕੀ ਵਿਅਕਤੀ ਨੂੰ ਕਾਬੂ ਕਰਕੇ ਉਸ ਦਾ ਨਾਮ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਪਿੱਪਲ ਸਿੰਘ ਵਾਸੀ ਪਿੰਡ ਤਲਵੰਡੀ ਨੌ ਆਬਾਦ ਦੱਸਿਆ। ਜਿਸ ਪਾਸੋਂ ਪੁਲਿਸ ਨੇ 6 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਤੀਸਰੇ ਮਾਮਲੇ ਵਿੱਚ ਥਾਣਾ ਸਦਰ ਜਗਰਾਉਂ ਦੇ ਇਹ ਐਸਆਈ ਰਕੇਸ਼ ਕੁਮਾਰ ਨੇ ਦੱਸਿਆ ਕਿ ਦੁਰਾਨੇ ਚੈਕਿੰਗ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਕੀ ਕੁਲਵੰਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਢੋਲਣ ਜੋ ਚੰਡੀਗੜ੍ਹ ਤੋਂ ਸ਼ਰਾਬ ਲਿਆ ਕੇ ਵੇਚਦਾ ਹੈ ਤੇ ਅੱਜ ਵੀ ਪਿੰਡ ਬੂੜੇ ਤੋਂ ਚੌਂਕੀ ਮਾਨ ਵੱਲ ਜਾ ਰਿਹਾ ਹੈ ਪੁਲਿਸ ਨੇ ਮਿਲੀ ਸੂਚਨਾ ਦੇ ਆਧਾਰ ਤੇ ਕੁਲਵੰਤ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ ਚੰਡੀਗੜ੍ਹ ਦੀ 12 ਬੋਤਲਾਂ ਸ਼ਰਾਬ ਬਰਾਮਦ ਕੀਤੀ ਹੈ। ਪੁਲਿਸ ਨੇ ਫੜੇ ਗਏ ਇਹਨਾਂ ਤਿੰਨਾਂ ਵਿਅਕਤੀਆਂ ਖਿਲਾਫ ਸੰਬੰਧਿਤ ਥਾਣਿਆਂ ਵਿੱਚ ਮਾਮਲਾ ਦਰਜ ਕਰ ਲਿਆ ਹੈ।

# ਸੁਪਰੀਮ ਕੋਰਟ ਦਾ ਇਨ੍ਹਾਂ ਵਾਹਨਾਂ ਬਾਰੇ ਵੱਡਾ ਫੈਸਲਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



10-15 ਸਾਲ ਪੁਰਾਣੇ ਵਾਹਨਾਂ ਵਿਰੁੱਧ ਕਾਰਵਾਈ 'ਤੇ ਸੁਪਰੀਮ ਕੋਰਟ ਨੇ ਪਾਬੰਦੀ ਲਗਾ ਦਿੱਤੀ ਹੈ। ਨਾਲ ਹੀ, ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰਕੇ 4 ਹਫ਼ਤਿਆਂ ਦੇ ਅੰਦਰ ਜਵਾਬ ਦੇਣ ਦਾ ਨਿਰਦੇਸ਼ ਦਿੱਤਾ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਦਿੱਲੀ ਸਰਕਾਰ ਪੁਰਾਣੇ ਵਾਹਨਾਂ ਵਿਰੁੱਧ ਕੋਈ ਦੰਡਕਾਰੀ ਕਾਰਵਾਈ ਨਹੀਂ ਕਰੇਗੀ। ਸੁਪਰੀਮ ਕੋਰਟ ਨੇ ਵਾਹਨਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਨੂੰ ਚੁਣੌਤੀ ਦੇਣ ਵਾਲੀ ਦਿੱਲੀ ਸਰਕਾਰ ਦੀ ਪਟੀਸ਼ਨ 'ਤੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਤੁਹਾਨੂੰ ਦੱਸ ਦੇਈਏ ਕਿ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਵਿੱਚ 10 ਸਾਲ ਪੁਰਾਣੇ ਡੀਜ਼ਲ ਅਤੇ 15 ਸਾਲ ਪੁਰਾਣੇ ਪੈਟਰੋਲ ਵਾਹਨਾਂ 'ਤੇ ਪਾਬੰਦੀ ਲਗਾਉਣ ਦੇ 2018 ਦੇ ਹੁਕਮ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਗਈ ਸੀ।

ਦੱਸ ਦੇਈਏ ਕਿ ਸਾਲ 2014 ਵਿੱਚ, ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਦਿੱਲੀ-ਐਨਸੀਆਰ ਵਿੱਚ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ 10 ਸਾਲ ਤੋਂ ਪੁਰਾਣੇ ਡੀਜ਼ਲ ਵਾਹਨਾਂ ਅਤੇ 15 ਸਾਲ ਤੋਂ ਪੁਰਾਣੇ ਪੈਟਰੋਲ ਵਾਹਨਾਂ 'ਤੇ ਪਾਬੰਦੀ ਲਗਾਉਣ ਦਾ ਹੁਕਮ ਦਿੱਤਾ ਸੀ। ਸੁਪਰੀਮ ਕੋਰਟ ਨੇ ਸਾਲ 2018 ਵਿੱਚ ਇਸ ਹੁਕਮ ਨੂੰ ਬਰਕਰਾਰ ਰੱਖਦੇ ਹੋਏ, ਦਿੱਲੀ ਦੇ ਟਰਾਂਸਪੋਰਟ ਵਿਭਾਗ ਨੂੰ ਅਜਿਹੇ ਵਾਹਨਾਂ ਨੂੰ ਜ਼ਬਤ ਕਰਨ ਅਤੇ ਸਕ੍ਰੈਪ ਕਰਨ ਦੇ ਨਿਰਦੇਸ਼ ਦਿੱਤੇ ਸਨ।ਦਿੱਲੀ ਸਰਕਾਰ ਨੇ ਫਰਵਰੀ 2024 ਵਿੱਚ ਦਿੱਲੀ ਦੇ ਜਨਤਕ ਸਥਾਨਾਂ ਵਿੱਚ ਅੰਤਮ ਜੀਵਨ ਵਾਲੇ ਵਾਹਨਾਂ ਨੂੰ ਸੰਭਾਲਣ ਲਈ ਦਿਸ਼ਾ-ਨਿਰਦੇਸ਼ 2024 ਜਾਰੀ ਕੀਤੇ ਸਨ ਅਤੇ ਲਗਭਗ 62 ਲੱਖ ਪੁਰਾਣੇ ਪੈਟਰੋਲ-ਡੀਜ਼ਲ ਵਾਹਨਾਂ ਨੂੰ ਸੜਕਾਂ ਤੋਂ ਹਟਾਉਣ ਅਤੇ ਉਨ੍ਹਾਂ ਨੂੰ ਸਕ੍ਰੈਪ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਸਨ, ਪਰ ਇਸ ਹੁਕਮ ਦਾ ਵਿਰੋਧ ਕੀਤਾ ਗਿਆ ਸੀ। ਲੋਕਾਂ ਅਤੇ ਸਮਾਜਿਕ ਸੰਗਠਨਾਂ ਨੇ ਇਸ ਹੁਕਮ ਦਾ ਸਖ਼ਤ ਇਤਰਾਜ਼ ਕੀਤਾ ਸੀ।




JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

ੴ ਸਤਿਗੁਰ ਪ੍ਰਸਾਦਿ

# Sikh Gurdwara San Jose

## Current Parbandhak Committee Slate Accomplishments & Election Manifesto 2025

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ Sachahu orai sabh ko, upar sach aachaar.

Dear Members of Sikh Gurdwara San Jose,
Waheguru Ji Ka Khalsa, Waheguru Ji Ki Fateh

*Sikh Gurdwara San Jose serves as a vibrant religious, educational, and cultural center for the Sikh community in the Bay Area and beyond. Our mission is to "Inspire and Uplift the Sikh Community through the Teachings of Sri Guru Granth Sahib; Upholding Truth, Service, Unity, and Justice while Fostering Religious, Educational, Cultural, and Social Enrichment for All in the spirit of Sarbat Da Bhalla".*

Over the past term, your current committee has worked with dedication to uphold the above mission and through it the stature of our Gurdwara Sahib and Sangat. We have served the Sangat through religious, social, health, and youth-focused programs. We thank the Sangat for its unwavering support and now humbly ask for your vote in the upcoming Gurdwara Committee Elections on October 12th, 2025.

## Our Journey So Far / Accomplishments

**COVID-19 Response & Global Support:**

- During the challenging times of COVID-19, our Sangat stayed in Chardikalaa thanks to online relay of Gurbani and Keertan programs to them at home. Keertan Programs were expanded to whole day.
- Guru Nanak Khalsa School continued the classes online, keeping them engaged.
- The Gurdwara facilitated vaccination clinics for both Sangat and the surrounding community.
- Guidance was provided to help families apply for government financial assistance.
- Meals were served to front line workers in hospitals. Also provided to Police for distribution to the homeless.
- Groceries were delivered to homes of needy seniors and also distributed to the needy at Gurdwara sahib.
- The Parbandhak Committee went beyond borders and shipped ventilators to DGPC and SGPC run hospitals in Delhi and Amritsar.
- Special thanks are due to the Sangat for their financial contributions and to the staff for their dedication.

**Spiritual Enrichment & Gurbani Programs**

- **Highly Qualified Religious Staff:** Sikh Gurdwara San Jose has high caliber seven resident Ragi Jathaas and a Kathaakar, who provide high quality Keertan and Kathaa the year round. The programs are relayed the world over through Gurdwara App, Youtube and Facebook.
- **31-Raag Keertan Program**: A global event held annually for 3 days, featuring renowned Keertan Jathas. Sangat from around the world joins live.
- **Important Gurpurabs Celebrations**: We celebrate all Gurpurabs and events like Hola Mahalla, Vaisakhi, Bandhi Chhord Divas, Shaheedi week and New Year eve. Hola Mahalla celebration is unique among Gurdwaras in USA.
- **Sehaj Paths for World Peace**: Over 120 families participate in home-based Sehaj Paths, followed by Ardas at the Gurdwara.
- **Gurbani Santhya**: A learning initiative teaching correct pronunciation and understanding of Gurbani to Sangat.
- **Gurbani Display Technology**: A student-led team in India provides live Gurbani displays during Keertan at our Gurdwara and two others. More Gurdwaras are joining this respected program.

**Youth Engagement & Development:**

- **Sri Hemkunt Foundation International Sikh Youth Symposium and Keertan Darbar 2024:** Over 600 guests from all over USA and England participated. The program featured powerful youth speeches and soul stirring Keertan. Program got praise for flawless organization and generous hospitality.

- **Hosted Teg-e-Johar Gatka Competition:** Youth from Gurdwaras across California participated. The youth demonstrated high level of Skill, Discipline and Valor highlighting the Sikh heritage of traditional martial art
- **Constructed Volleyball and Basketball court**. Our professionally trained **Basketball teams** now compete in tournaments across California & Indiana. Sports camps are now organized frequently
- **Started a Scholarship Program** in 2020 for deserving students. Over 12 scholarships have been awarded so far. Five recipients have completed their studies and are now working in their professions while maintaining their Sikhi Saroop.
- **College Prep Program:** Started a college prep program to prepare the high school students for college admissions. Program provides tutoring in English, Math, Science and Computer programming. Arrangements are being made to provide counselling on the financial aid and college application process.

**Elders & Wellness:**

- **Started a senior engagement program** offering Naam Simran, Exercise, Social interaction, and Wellness activities.

**Education & Sikh Identity:**

- Promoted the **Sikh way of life** from *Oora to Joora* through Guru Nanak Khalsa School (GNKS). Children join at age of three and half year and graduate after studying Gurmat, Sikh history and learning to read Gurbani from Sri Guru Granth Sahib. Over 550 students were enrolled last year. The school completed 36 years of operation in 2025.
- **Keertan Training For Youth**: Nearly 150 students were enrolled in the Keertan program at Guru Nanak Khalsa School last year. Ten highly trained teachers provide the education in art of singing Gurbani and playing musical instruments. These students perform regularly in the Gurdwara Diwans. Students graduate after learning to perform Keertan in more than 12 Raags. Playing Sikh Heritage Tanti Saaz is encouraged.
- **Sikh Heritage Symphony (SHS)**: Our SHS students from GNKS, have performed at Carnegie Hall, a globally renowned venue, promoting Sikh music and values to non-Sikhs. They just returned after performing Keertan at several historical Gurdwaras in India.
- **Gurmat Camps:** Gurmat camps are organized twice a year to engage children with Gurbani, Keertan and Sikh history during vacation time.
- Weekly **Turban Tying Program** for all ages, with enthusiastic participation from young children.

**Health & Wellness**

- **Guru Nanak Free Medical Center**: Provides medical care to uninsured individuals, staffed by licensed physicians.
- Continued **food drives, blood donations**, and outreach programs as ambassadors of Gurdwara Sahib

**Gender Equality**

- **Lohri Program for Gender Equality**: Celebrated annually with over 70 families bringing newborns to receive blessings and gifts.
- **Encouraged Women's Keertan program,** Education and Leadership

**Safety & Civic Engagement**

- Established a **trained volunteer security team** to ensure safety and assist with parking.
- Actively engaged in **local and district-level policy advocacy**, representing Sikh values and community interests.

**Sound Financial Management: In spite of increased programs & expenses and Covid related deficit, Gurdwara Sahib has a $3 Million Cash or Cash like securities as financial reserve. Ours is the only Gurdwara that has posted its last 20 years of audited account statements online.**

# Our Vision for the Future/Manifesto

We promise to keep serving as one family, one Sangat, one community — working for ***Sarbat Da Bhalaa***

## Religious and Cultural Initiatives

- Commemorate the 350th Shaeedi Gurupurab of Sri Guru Teg Bahadur Ji and other milestone Gurpurabs. Collaborate with other Gurdwaras for these celebrations and other religious programs.
- Expand space for Weddings and other religious programs by building second stories on the North and South halls. This will also provide additional space for Guru Nanak Khalsa School classes.
- Complete the Sikh Museum to feature legacy of Sikh Raj and establish a 1984 Shaheedi Memorial.
- Open House Programs to introduce non-sikhs to Sikhism to promote Awareness and understanding of Sikhism
- Invite/hire English speaking Parcharaks to engage the Youth into Sikhi Programs

## Youth & Education

- ***Guru Nanak Khalsa School (GNKS):***
  - Add higher level classes for graduating students to strengthen their Gurbani Reading, Gurmat and Rehat Maryada training.
  - Mandatory training of teachers/parents for practices to prevent, notice and report child abuse.
  - Accreditation of Punjabi language courses from GNKS in regular schools via parental initiatives
- ***College Prep Program:***
  - Engage/hire Accredited high school teachers/volunteers to lead the tutoring programs in English, Mathematics, Natural and Computer Sciences.
  - Strengthen the college counselling program
  - Build a Robotics Lab
- ***Scholarships Program:*** Expand the scholarships program to provide special scholarships for children of needy Gurdwara registered members.
- ***Sports:*** Enhance the Sports Center (Basketball court, gatka and other health-focused activities)

## Wellness & Family Support

- ***Senior Community Center:*** Expand the senior community program of Naam Simran, Exercise, Socialization and Lunch to reach a wider audience of our congregation.
- ***Family Wellness Programs:*** Provide counselling for family issues like parenting, marital relationships and drug abuse. Religious programs to provide guidance through Gurbani and Sikh History.
- ***New Immigrant Family Support:*** Provide Guidance and support to newly immigrated families, helping them navigate their new environment and settle smoothly.
- ***Funeral Arrangements:*** Collaboration with nearby Funeral homes for affordable cremation arrangements

## Media, Technology & Outreach

- ***Social Media:*** Enhance Gurdwara Social Media presence and outreach for Sikh causes
- ***A/V Studio:*** Build a soundproof Audio/Visual studio for preparing Sikhi Parchar and Educational Videos

## Community & Civic Engagement:

- Help Sikhs gain Representation in U.S. Political offices.
- Bring awareness of Sikh Issues to City, State, and Federal Leaders

## Infrastructure & Sustainability:

- Upgrade and modernize the Langar Kitchen with improved facilities and powered equipment for handling heavy utensils and hot liquids.
- Implement improvements to the parking infrastructure and traffic management to reduce congestion and enhance overall traffic flow.
- Expand Electrical Vehicle infrastructure by Installing additional EV Charging Stations
- Upgrade Solar System and integrate Backup power solution for increased energy reliability
- Strengthening security measure throughout the Gurdwara Sahib complex to ensure safe environment
- Establish and implement a schedule for routine maintenance of Gurdwara facilities.




# ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ

**ELECTION DATE** October 12th, 2025 (Sunday)



Bhupindar S. Dhillon — ਭੁਪਿੰਦਰ (ਬੇਬ) ਸਿੰਘ ਢਿਲੋਂ
Dr. Gurinder Pal Singh — ਡਾ: ਗੁਰਿੰਦਰ ਪਾਲ ਸਿੰਘ
Pritam Singh Grewal — ਪ੍ਰੀਤਮ ਸਿੰਘ ਗਰੇਵਾਲ
Narinder Kaur Meharu — ਨਰਿੰਦਰ ਕੌਰ ਮਹੇੜੂ
Rajinder Singh Manger — ਰਾਜਿੰਦਰ ਸਿੰਘ ਮੰਗਰ
Surjit Singh Bains — ਸੁਰਜੀਤ ਸਿੰਘ ਬੈਂਸ
Sohan Singh Dhanota — ਸੋਹਨ ਸਿੰਘ ਧਨੋਤਾ
Sukhdev Singh Bainiwal — ਸੁਖਦੇਵ ਸਿੰਘ ਬੈਨੀਵਾਲ
Gurpreet Singh — ਗੁਰਪ੍ਰੀਤ ਸਿੰਘ
Harduman (Billa) S. Sanghera — ਹਰਦੁਮਨ (ਬਿੱਲਾ) ਸਿੰਘ ਸੰਘੇੜਾ
Sharanjit Kaur Bhandal — ਸ਼ਰਨਜੀਤ ਕੌਰ ਭੰਡਾਲ
Harparminder S. Powar — ਹਰਪ੍ਰਮਿੰਦਰ ਸਿੰਘ ਪੋਵਾਰ
Jorawar Singh — ਜੋਰਾਵਰ ਸਿੰਘ
Dr. Balbir Singh Bains — ਡਾ: ਬਲਬੀਰ ਸਿੰਘ ਬੈਂਸ
Kuldip Singh Shergill — ਕੁਲਦੀਪ ਸਿੰਘ ਸ਼ੇਰਗਿਲ
Gurpreet Singh Sethi — ਗੁਰਪ੍ਰੀਤ ਸਿੰਘ ਸੇਠੀ
Bahadur Singh Deol — ਬਹਾਦੁਰ ਸਿੰਘ ਦਿਉਲ
Pritpal Kaur — ਪ੍ਰਿਤਪਾਲ ਕੌਰ
Dr. Harjinder Singh Ladhar — ਡਾ: ਹਰਜਿੰਦਰ ਸਿੰਘ ਲੱਧੜ
Gurbux Singh Dhillon — ਗੁਰਬਖ਼ਸ਼ ਸਿੰਘ ਢਿਲੋਂ
Kirpal Singh Atwal — ਕਿਰਪਾਲ ਸਿੰਘ ਅਠਵਾਲ

**ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ**

# ਪੁਰਾਣੀ ਪੈਨਸ਼ਨ ਮਾਮਲਾ: ਆਮ ਆਦਮੀ ਪਾਰਟੀ ਦੇ ਬੁਲਾਰੇ ਦੀ ਰਿਹਾਇਸ਼ ਅੱਗੇ ਅਰਥੀ ਫੂਕ ਮੁਜ਼ਾਹਰਾ

ਬਠਿੰਡਾ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਵੱਲੋਂ ਕਥਿਤ ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਕੀਤੀ ਜਾ ਰਹੀ ਟਾਲ ਮਟੋਲ ਦੇ ਖ਼ਿਲਾਫ਼ ਡੈਮੋਕਰੇਟਿਕ ਟੀਚਰ ਫਰੰਟ ਬਠਿੰਡਾ ਨੇ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਨੀਲ ਗਰਗ ਦੀ ਰਿਹਾਇਸ਼ ਅੱਗੇ ਅਰਥੀ ਫੂਕ ਮੁਜ਼ਾਹਰਾ ਕੀਤਾ। ਇਸ ਮੌਕੇ ਨੀਲ ਗਰਗ ਨੇ ਪੁਰਾਣੀ ਪੈਨਸ਼ਨ ਬਹਾਲੀ ਲਈ ਸੰਘਰਸ਼ ਕਰ ਰਹੇ ਆਗੂਆਂ ਤੋਂ ਮੰਗ ਪੱਤਰ ਵੀ ਲਿਆ ਅਤੇ ਉਹਨਾਂ ਦੀ ਗੱਲ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਵੀ ਦਿਵਾਇਆ। ਇੱਥੇ ਸੰਬੋਧਨ ਕਰਦਿਆਂ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਖੇਮੂਆਣਾ ਅਤੇ ਸਕੱਤਰ ਜਸਵਿੰਦਰ ਸਿੰਘ ਨੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਅਦਾ ਕਰਕੇ ਸੱਤਾ ਹਥਿਆਉਣ ਵਾਲੀ 'ਆਪ' ਸਰਕਾਰ ਵੱਲੋਂ ਆਪਣੇ ਸੱਤਾ ਕਾਲ ਦੇ ਸਾਢੇ ਤਿੰਨ ਸਾਲ ਬੀਤਣ 'ਤੇ ਵੀ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਨਵਰੀ 2004 ਤੋਂ ਬਾਅਦ ਭਰਤੀ ਕੀਤੇ ਗਏ ਪੰਜਾਬ ਦੇ ਲੱਗਭਗ ਸਾਢੇ ਤਿੰਨ ਲੱਖ ਮੁਲਾਜ਼ਮ ਨਵੀਂ ਪੈਨਸ਼ਨ ਸਕੀਮ ਤਹਿਤ ਨਿਗੂਣੀ ਪੈਨਸ਼ਨ ਲੈਣ ਲਈ ਮਜ਼ਬੂਰ ਹਨ।



ਉਨ੍ਹਾਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਥਾਂ ਕੇਂਦਰ ਸਰਕਾਰ ਦੀ ਤਰਜ਼ 'ਤੇ ਯੂਨੀਫਾਈਡ ਪੈਨਸ਼ਨ ਸਕੀਮ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਇੱਕ ਦਿਨ ਲਈ ਵਿਧਾਇਕ ਜਾਂ ਮੰਤਰੀ ਬਣਿਆਂ ਵਿਅਕਤੀ ਪੈਨਸ਼ਨ ਲੈਣ ਦਾ ਹੱਕਦਾਰ ਹੈ, ਪ੍ਰੰਤੂ ਆਪਣੀ ਜ਼ਿੰਦਗੀ ਦਾ ਸੁਨਹਿਰੀ ਸਮਾਂ ਵਿਦਿਆਰਥੀਆਂ ਦੇ ਲੇਖੇ ਲਾਉਣ ਵਾਲਾ ਅਧਿਆਪਕ ਨਿਗੂਣੀ ਜਿਹੀ ਪੈਨਸ਼ਨ ਲੈਣ ਲਈ ਮਜ਼ਬੂਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੰਪਿਊਟਰ ਅਧਿਆਪਕ, ਐਨਐਸਕਿਊਐਫ਼ ਅਧਿਆਪਕ, ਮੈਰੀਟੋਰੀਅਸ ਸਕੂਲਾਂ ਦੇ ਦੇ ਵਾਲੰਟੀਅਰ ਅਧਿਆਪਕਾਂ ਤੋਂ ਪੈਨਸ਼ਨ ਦਾ ਹੱਕ ਖੋਹ ਲਿਆ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸੂਬਾ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਜਗਸੀਰ ਸਿੰਘ ਸਹੋਤਾ, ਗੁਰਪ੍ਰੀਤ ਸਿੰਘ, ਜੌਨੀ ਸਿੰਗਲਾ, ਸੁਖਜਿੰਦਰ ਸਿੰਘ, ਜਸਪ੍ਰੀਤ ਸਿੰਘ, ਬਲਕਰਨ ਸਿੰਘ, ਅਨੂ ਬਾਲਾ, ਅਸ਼ਵਨੀ ਕੁਮਾਰ, ਬਲਜਿੰਦਰ ਸਿੰਘ, ਵਿਕਾਸ ਗਰਗ, ਕੁਲਵਿੰਦਰ ਸਿੰਘ ਵਿਰਕ, ਅਨਿਲ ਭੱਟ, ਗੁਰਪ੍ਰੀਤ ਸਿੰਘ ਖੇਮੂਆਣਾ, ਰਣਦੀਪ ਕੌਰ, ਬਲਜਿੰਦਰ ਕੌਰ, ਭੁਪਿੰਦਰ ਸਿੰਘ ਮਾਈਸਰਖਾਨਾ, ਬਲਕਰਨ ਸਿੰਘ ਕੋਟਸ਼ਮੀਰ, ਰਾਜਵਿੰਦਰ ਸਿੰਘ ਜਲਾਲ, ਅਸ਼ਵਨੀ ਡੱਬਵਾਲੀ ਆਦਿ ਆਗੂ ਹਾਜ਼ਰ ਸਨ।

# ਬਿਜਲੀ ਮੁਲਾਜ਼ਮਾਂ ਵੱਲੋਂ ਦੂਜੇ ਦਿਨ ਸੀਐਮਸੀ ਡਵੀਜ਼ਨ ਵਿੱਚ ਪ੍ਰਦਰਸ਼ਨ

ਲੁਧਿਆਣਾ
ਸਾਂਝੀ ਸੋਚ ਬਿਊਰੋ

ਬਿਜਲੀ ਏਕਤਾ ਮੰਚ, ਜੁਆਇੰਟ ਫੋਰਮ, ਏ ਓ ਜੇ ਈ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ ਯੂਨੀਅਨ ਏਟਕ ਪੰਜਾਬ ਦੀ ਸਾਂਝੀ ਅਗਵਾਈ ਹੇਠ ਪੰਜਾਬ ਭਰ ਦੇ ਬਿਜਲੀ ਕਾਮਿਆਂ ਵੱਲੋਂ ਬਿਜਲੀ ਮੰਤਰੀ ਅਤੇ ਮੈਨੇਜਮੈਂਟ ਕੋਲੋਂ ਮੰਨੀਆਂ ਮੰਗਾਂ ਦਾ ਸਰਕੂਲਰ ਜਾਰੀ ਕਰਵਾਉਣ ਲਈ ਸਮੂਹਿਕ ਛੁੱਟੀਆਂ ਭਰਕੇ ਵਿੱਢਿਆ ਗਿਆ ਸੰਘਰਸ਼ ਦੂਜੇ ਦਿਨ ਨੂੰ ਪਾਰ ਕਰ ਗਿਆ ਹੈ। ਅੱਜ ਸੀ ਐਮ ਸੀ ਡਵੀਜ਼ਨ ਵਿੱਚ ਏਕਤਾ ਮੰਚ ਦੇ ਆਗੂ ਰਸ਼ਪਾਲ ਸਿੰਘ ਪਾਲੀ, ਜੁਆਇੰਟ ਫੋਰਮ ਦੇ ਆਗੂ ਰਘਵੀਰ ਸਿੰਘ ਰਾਮਗੜ੍ਹ ਅਤੇ ਪੈਨਸ਼ਨਰਜ ਯੂਨੀਅਨ ਦੇ ਆਗੂ ਕੇਵਲ ਸਿੰਘ ਬਨਵੈਤ ਦੀ ਅਗਵਾਈ ਹੇਠ ਗੇਟ ਰੈਲੀ ਕੀਤੀ ਗਈ। ਜਿੱਥੇ ਚੱਲ ਰਹੇ ਸੰਘਰਸ਼ ਬਾਰੇ ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦੱਸਿਆ ਕਿ ਏਕਤਾ ਮੰਚ ਦੇ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਫੋਰਮ ਦੇ ਕਨਵੀਨਰ ਰਤਨ ਸਿੰਘ ਮਜਾਰੀ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਿਕ ਸਮੂਹਿਕ ਛੁੱਟੀਆਂ ਭਰਕੇ ਹੜਤਾਲ ਤੇ ਗਏ ਸਾਥੀਆਂ ਦੀ ਦਰ ਕੱਲ ਨਾਲੋਂ ਵੱਧ ਗਈ ਹੈ ਜ਼ੋ 13 ਅਗਸਤ ਨੂੰ ਹੋਰ ਵਧੇਗੀ। ਵਧ ਰਹੀ ਦਰ ਜਿੱਥੇ ਸਾਥੀਆਂ ਦੇ ਸੰਘਰਸ਼ ਪ੍ਰਤੀ ਹੌਂਸਲੇ ਨੂੰ ਦਰਸਾਉਂਦੀ ਹੈ ਉਥੇ ਇਸ ਗੱਲ ਦਾ ਵੀ ਸੰਕੇਤ ਹੈ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਐਸਮਾ ਲਗਾਉਣ ਦੀ ਦਿੱਤੀ ਜਾ ਰਹੀ ਧਮਕੀ ਦੀ ਕੋਈ ਪ੍ਰਵਾਹ ਨਹੀਂ। ਸਰਕਾਰ ਅਤੇ ਮੈਨੇਜਮੈਂਟ ਦੇ ਲਾਰਿਆਂ ਤੋਂ ਅੱਕੇ ਬਿਜਲੀ ਕਾਮੇਂ ਹੁਣ ਮੰਨੀਆਂ ਮੰਗਾਂ ਦੇ ਨੋਟੀਫਿਕੇਸ਼ਨ ਹੋਣ ਤੇ ਹੀ ਸਰਕਾਰ ਅਤੇ ਮੈਨੇਜਮੈਂਟ ਉੱਤੇ ਭਰੋਸਾ ਕਰਨਗੇ। ਮਹਿਦੂਦਾਂ ਨੇ ਕਿਹਾ ਕਿ ਬਿਜਲੀ ਮੰਤਰੀ ਮੰਗਾਂ ਮੰਨਣ ਦੀ ਗੱਲ ਨੂੰ ਅੱਜ ਦੇ ਅਖ਼ਬਾਰਾਂ ਚ ਖੁਦ ਮੰਨ ਚੁੱਕਿਆ ਹੈ ਪਰ ਉਹ 2 ਜੂਨ ਤੋਂ ਏਨ੍ਹਾ ਦੇ ਸਰਕੂਲਰ ਜਾਰੀ ਕਰਵਾਉਣ ਤੋਂ ਕਿਉਂ ਭੱਜ ਰਿਹਾ ਹੈ। ਸੂਬਾਈ ਆਗੂਆਂ ਰਾਮਗੜ੍ਹ ਅਤੇ ਪਾਲੀ ਨੇ ਕਿਹਾ ਕਿ ਅੱਜ ਖ਼ਪਤਕਾਰਾਂ ਨੂੰ ਵੱਡੇ ਪੱਧਰ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸਦੇ ਲਈ ਲਈ ਮੁਆਫੀ ਜਰੂਰ ਮੰਗਦੇ ਹਾਂ ਪਰ ਇਸਦੇ ਜਿੰਮੇਵਾਰ ਅਸੀਂ ਨਹੀਂ ਪੰਜਾਬ ਸਰਕਾਰ, ਬਿਜਲੀ ਮੰਤਰੀ ਅਤੇ ਮੈਨੇਜਮੈਂਟ ਹੈ। ਇਸ ਲਈ ਬਿਜਲੀ



ਸਮੱਸਿਆਵਾਂ ਕਾਰਨ ਪ੍ਰੇਸ਼ਾਨ ਹੋਈ ਜਨਤਾ ਵੀ ਸਾਡੇ ਸੰਘਰਸ਼ ਨੂੰ ਕੁਝ ਕਿਸਾਨ ਜਥੇਬੰਦੀਆਂ ਵਾਂਗ ਸਮਰਥਨ ਦੇਣ। ਦੋਵਾਂ ਆਗੂਆਂ ਨੇ ਕਿਹਾ ਕਿ ਸਾਡੀਆਂ ਕੁਝ ਮੰਗਾਂ ਜਨਤਾ ਨਾਲ ਵੀ ਸਬੰਧਿਤ ਹਨ ਇਸ ਲਈ ਇਹ ਸੰਘਰਸ਼ ਸਾਡਾ ਸੰਘਰਸ਼ ਹੋਣ ਦੇ ਨਾਲ ਨਾਲ ਲੋਕਾਂ ਦਾ ਵੀ ਸੰਘਰਸ਼ ਹੈ। ਸੀਨੀਅਰ ਆਗੂ ਸਤੀਸ਼ ਭਾਰਦਵਾਜ ਨੇ ਅਗਲੇ ਪ੍ਰੋਗਰਾਮ ਬਾਰੇ ਦਸਦਿਆਂ ਕਿਹਾ ਕਿ ਕੱਲ ਤੱਕ ਸਰਕੂਲਰ ਜਾਰੀ ਨਾ ਹੋਏ ਤਾਂ ਜਿੱਥੇ ਸਮੂਹਿਕ ਛੁੱਟੀਆਂ ਭਰਕੇ ਕੀਤੀ ਜਾ ਰਹੀ ਹੜਤਾਲ ਦਾ ਸਮਾਂ ਹੋਰ ਵਧਾ ਦਿੱਤਾ ਜਾਵੇਗਾ ਉਥੇ ਹੀ 15 ਅਗਸਤ ਨੂੰ ਕਾਲੀਆਂ ਝੰਡੀਆਂ ਲਹਿਰਾ ਕੇ ਸਰਕਾਰ ਦੇ ਨੁਮਾਇੰਦਿਆਂ ਦਾ ਵਿਰੋਧ ਵੀ ਕੀਤਾ ਜਾਵੇਗਾ ਜ਼ੋ ਅਜਾਦੀ ਦਿਹਾੜੇ ਦੇ ਸਮਾਗਮਾਂ ਵਿੱਚ ਸ਼ਿਰਕਤ ਕਰਨ ਆਉਣਗੇ। ਇਸ ਮੌਕੇ ਧਰਮਿੰਦਰ, ਸੁਖਦੇਵ ਸਿੰਘ, ਗੁਰਮੁੱਖ ਸਿੰਘ, ਰਘਵੀਰ ਸਿੰਘ ਜਮਾਲਪੁਰ, ਦੀਪਕ ਕੁਮਾਰ, ਪ੍ਰਕਾਸ਼, ਰਾਮ ਅਵਧ, ਬਲਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

## ਲਾਸ ਏਂਜਲਸ ਵਿੱਚ ਬਜ਼ੁਰਗ ਸਿੱਖ ਨਫਰਤੀ ਹਿੰਸਾ ਦਾ ਸ਼ਿਕਾਰ, ਹਾਲਤ ਗੰਭੀਰ, ਸਿੱਖ ਭਾਈਚਾਰੇ ਵਿੱਚ ਸਹਿਮ 'ਤੇ ਰੋਸ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਲੈਂਕਰਸ਼ਿਮ ਬੁਲੇਵਰਡ ਸੜਕ ਉਪਰ ਸਥਿੱਤ ਗੁਰਦੁਆਰੇ ਦੇ ਨੇੜੇ ਇਕ ਸਟੋਰ ਦੇ ਬਾਹਰਵਾਰ 70 ਸਾਲ ਦੇ ਬਜ਼ੁਰਗ ਸਿੱਖ ਉੱਪਰ ਨਫਰਤੀ ਹਮਲਾ ਹੋਣ ਦੀ ਖਬਰ ਹੈ। ਭਾਰਤੀ ਮੂਲ ਦੇ ਹਰਪਾਲ ਸਿੰਘ ਜੋ ਇਕ ਸੇਵਾ ਮੁਕਤ ਗਣਿਤ ਪ੍ਰੋਫੈਸਰ ਹੈ ਤੇ ਅਮਰੀਕੀ ਨਾਗਰਿਕ ਹੈ, ਦੀ ਹਾਲਤ ਗੰਭੀਰ ਬਣੀ ਹੋਈ ਹੈ। ਉਹ ਪ੍ਰੋਵੀਡੈਂਸ ਹੋਲੀ ਕਰਾਸ ਮੈਡੀਕਲ ਸੈਂਟਰ ਵਿੱਖੇ ਦਾਖਲ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ ਦੇ ਸਿਰ ਤੇ ਮੂੰਹ ਉੱਪਰ ਗੰਭੀਰ ਸੱਟਾਂ ਹਨ ਤੇ ਹੁਣ ਤੱਕ 3 ਸਰਜਰੀਆਂ ਕੀਤੀਆਂ ਜਾ ਚੁੱਕੀਆਂ ਹਨ। ਉਸ ਦੇ ਦਿਮਾਗ ਵਿੱਚ ਵੀ ਖ਼ੂਨ ਵਗਿਆ ਹੈ ਤੇ ਅੱਖ ਦੀ ਵੀ ਸਰਜਰੀ ਹੋਈ ਹੈ। ਫਿਲਹਾਲ ਉਹ ਬੇਹੋਸ਼ੀ ਦੀ ਹਾਲਤ ਵਿੱਚ ਆਈ ਸੀ ਯੂ ਵਿੱਚ ਦਾਖਲ ਹੈ। ਹਰਪਾਲ ਸਿੰਘ ਇਕੱਲਾ ਹੀ ਹੈ ਤੇ ਉਸ ਨੇ ਵਿਆਹ ਨਹੀਂ ਕਰਵਾਇਆ ਸੀ। ਉਹ ਲੈਂਕਰਸ਼ਿਮ ਗੁਰੂ ਘਰ ਵਿੱਚ ਹੀ ਰਹਿੰਦਾ ਹੈ ਜਿਥੇ ਉਹ ਪਾਠ ਕਰਦੇ ਹਨ ਤੇ ਲੰਗਰ ਦੀ ਸੇਵਾ ਕਰਦੇ ਹਨ। ਇਲਾਕੇ ਵਿੱਚ ਉਹ ਇੱਕ ਸਮਾਜ ਸੇਵਿਕ ਵਜੋਂ ਜਾਣਿਆ ਜਾਂਦਾ ਹੈ। ਪੁਲਿਸ ਅਨੁਸਾਰ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਸ਼ੱਕੀ ਹਮਲਾਵਰ ਦੀ ਭਾਲ ਲਈ ਆਮ ਲੋਕਾਂ ਕੋਲੋਂ ਮੱਦਦ ਲਈ ਜਾ ਰਹੀ ਹੈ। ਇਸ ਹਮਲੇ ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਸਹਿਮ ਤੇ ਰੋਸ ਦੀ ਲਹਿਰ ਪਾਈ ਜਾ ਰਹੀ ਹੈ।



## ਮੈਰੀਲੈਂਡ ਵਿੱਚ ਇਕ ਘਰ ਨੂੰ ਲੱਗੀ ਭਿਆਨਕ ਅੱਗ ਵਿੱਚ 4 ਬੱਚਿਆਂ ਸਮੇਤ 6 ਦੀ ਮੌਤ ਘੰਟੇ ਤੋਂ ਵੱਧ ਸਮੇ ਵਿੱਚ ਭਾਰੀ ਮੁਸ਼ੱਕਤ ਬਾਅਦ ਅੱਗ 'ਤੇ ਪਾਇਆ ਕਾਬੂ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਮੈਰੀਲੈਂਡ ਵਿੱਚ ਇੱਕ ਘਰ ਨੂੰ ਲੱਗੀ ਭਿਆਨਕ ਅੱਗ ਵਿੱਚ 4 ਬੱਚਿਆਂ ਸਮੇਤ 6 ਜਣਿਆਂ ਦੀ ਸੜ ਕੇ ਮੌਤ ਹੋ ਜਾਣ ਦੀ ਦੁੱਖਦਾਈ ਖਬਰ ਹੈ। ਅੱਗ ਵਾਸ਼ਿੰਗਟਨ ਡੀ ਸੀ ਤੋਂ ਤਕਰੀਬਨ 28 ਮੀਲ ਦੂਰ ਵਾਲਡੋਰਫ ਵਿੱਚ ਇੱਕ ਘਰ ਨੂੰ ਲੱਗੀ।

ਮੈਰੀਲੈਂਡ ਸਟੇਟ ਫਾਇਰ ਮਾਰਸ਼ਲ ਦੇ ਦਫਤਰ ਵੱਲੋ ਜਾਰੀ ਇੱਕ ਪ੍ਰੈਸ ਬਿਆਨ ਅਨੁਸਾਰ ਸਵੇਰੇ 9 ਵਜੇ ਤੋਂ ਪਹਿਲਾਂ ਘਰ ਨੂੰ ਅੱਗ ਲੱਗਣ ਦੀ ਸੂਚਨਾ ਮਿਲਣ ਉਪਰੰਤ ਜਦੋਂ ਚਾਰਲਸ ਕਾਊਂਟੀ ਸ਼ੈਰਿਫ ਦਫਤਰ ਤੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਪਤਾ ਲੱਗਾ ਕਿ ਘਰ ਦੇ ਦੋ ਜੀਅ ਬਚ ਕੇ ਬਾਹਰ ਨਿਕਲ ਆਏ ਹਨ ਜਦ ਕਿ ਬਾਕੀ 6 ਅੰਦਰ ਹੀ ਹਨ। ਅੱਗ ਏਨੀ




ਜਿਆਦਾ ਤੇਜ ਸੀ ਕਿ ਪੁਲਿਸ ਅਫਸਰਾਂ ਲਈ ਅੰਦਰ ਦਾਖਲ ਹੋਣਾ ਅਸੰਭਵ ਹੋ ਗਿਆ।

ਸਥਾਨਕ ਅੱਗ ਬੁਝਾਊ ਵਿਭਾਗ ਤੇ ਸਮਾਜ ਸੇਵੀ ਏਜੰਸੀਆਂ ਨੇ ਕੋਈ ਇਕ ਘੰਟੇ ਤੋਂ ਵਧ ਸਮੇ ਦੀ ਭਾਰੀ ਮੁਸ਼ੱਕਤ ਉਪਰੰਤ ਅੱਗ ਉਪਰ ਕਾਬੂ ਪਾਇਆ। ਉਪਰੰਤ ਘਰ ਵਿੱਚੋਂ 4 ਬੱਚਿਆਂ ਸਮੇਤ 6 ਲਾਸ਼ਾਂ ਬਰਾਮਦ ਹੋਈਆਂ ਜੋ ਬੁਰੀ ਤਰਾਂ ਸੜ ਚੁੱਕੀਆਂ ਸਨ। ਅੱਗ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।


SANJHA PUNJAB & AMRIT BOTHERS ENTERTAINMENT
PROUDLY PRESENTS
SANJHA ਪੰਜਾਬ USA
JOGI LIVE
KANWAR GREWAL
SUNDAY
17 AUGUST
Time : 7.00 PM
THE BOB HOPE THEATRE
242 E Malns St. Stockton, CA 95202
LIVE IN CONCERT
STOCKTON
For More Info & Tickets Please Contact
SURINDER MAHAY
408-620-2470
BALWINDER S. BAJWA
516-852-2222
SANTOKH JUDGE
925-487-4679

# ਸ਼ਹੀਦ ਕਿਰਨਜੀਤ ਕੌਰ ਯਾਦਗਾਰੀ ਸਮਾਗਮ:ਔਰਤਾਂ ਖ਼ਿਲਾਫ਼ ਜਬਰ, ਜਾਬਰ ਢਾਂਚੇ ਦੀ ਪੈਦਾਵਾਰ- ਕਵਿਤਾ ਕ੍ਰਿਸ਼ਨਨ

## ਅਪ੍ਰੇਸ਼ਨ 'ਕਗਾਰ' ਰਾਹੀਂ ਮਾਓਵਾਦੀਆਂ-ਆਦਿਵਾਸੀਆਂ ਦੇ ਕਤਲੇਆਮ ਵਿਰੁੱਧ ਉੱਠ ਖੜੇ ਹੋਵੋ- ਅਮਨਦੀਪ ਕੌਰ

**ਮਹਿਲਕਲਾਂ ਸਾਂਝੀ ਸੋਚ ਬਿਊਰੋ**

ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਨੂੰ ਸਮਰਪਿਤ ਸ਼ਹੀਦ ਕਿਰਨਜੀਤ ਕੌਰ ਦੀ ਯਾਦ 'ਚ 28ਵਾਂ ਯਾਦਗਾਰੀ ਸਮਾਗਮ ਦਾਣਾ ਮੰਡੀ ਮਹਿਲਕਲਾਂ ਵਿੱਚ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਤਾਦਾਦ ਵਿੱਚ ਜੁਝਾਰੂ ਮਰਦ-ਔਰਤਾਂ, ਨੌਜਵਾਨਾਂ ਦੇ ਕਾਫ਼ਲੇ ਪੂਰੇ ਜੋਸ਼-ਓ-ਖਰੋਸ਼ ਨਾਲ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਲਖਵਿੰਦਰ ਠੀਕਰੀਵਾਲ ਦੇ ਸ਼ਰਧਾਂਜਲੀ ਗੀਤ 'ਚੜ੍ਹਨ ਵਾਲਿਓ ਹੱਕਾਂ ਦੀ ਭੇਂਟ ਉੱਤੇ...' ਨਾਲ ਹੋਈ। ਮੁੱਖ ਬੁਲਾਰੇ ਵਜੋਂ ਯਾਦਗਾਰੀ ਸਮਾਗਮ ਵਿੱਚ ਸ਼ਾਮਿਲ ਹੋਈ ਔਰਤ ਹੱਕਾਂ ਸਮੇਤ ਸਮਾਜਿਕ ਸਰੋਕਾਰਾਂ ਉੱਪਰ ਖੋਜ ਭਰਪੂਰ ਕੰਮ ਕਰਨ ਵਾਲੀ ਲੇਖਿਕਾ, ਚਿੰਤਕ ਕਵਿਤਾ ਕ੍ਰਿਸ਼ਨਨ ਨੇ ਕਿਹਾ ਕਿ ਮੋਦੀ ਹਕੂਮਤ ਨੇ ਜਾਬਰ ਫ਼ਿਰਕੂ ਫਾਸ਼ੀ ਹੱਲੇ ਤਹਿਤ ਔਰਤਾਂ ਸਮੇਤ ਹਰ ਤਬਕੇ ਨੂੰ ਆਪਣੀ ਮਾਰ ਹੇਠ ਲਿਆਂਦਾ ਹੋਇਆ ਹੈ। ਸਮਾਜਿਕ ਕਾਰਕੁਨ, ਬੁੱਧੀਜੀਵੀ, ਪੱਤਰਕਾਰ, ਵਕੀਲ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਆਏ ਸਾਲਾਂ ਬੱਧੇ ਸਮੇਂ ਜੇਲ੍ਹਾਂ ਪਿੱਛੇ ਕੈਦ ਹਨ।

ਅਨੇਕਾਂ ਮੋੜਾਂ ਘੋੜਾਂ ਅਤੇ ਹਕੂਮਤੀ ਜਬਰ ਦੇ ਬਾਵਜੂਦ ਵੀ ਇੱਕ ਨਾਬਾਲਗ ਬੱਚੀ ਦੇ ਸਮੂਹਿਕ ਜਬਰ ਜਿਨਾਹ ਅਤੇ ਕਤਲ ਤੋਂ ਸ਼ੁਰੂ ਹੋਈ ਲੋਕ ਹੱਕਾਂ ਦੇ ਸਾਂਝੇ ਸੰਘਰਸ਼ ਦੇ ਮੈਦਾਨ ਵਿੱਚ 28 ਸਾਲ ਤੋਂ ਕੁੱਦੀਆਂ ਔਰਤਾਂ ਸੰਗਰਾਮੀ ਮੁਬਾਰਕ ਦੀਆਂ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨ੍ਹਾਂ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ, ਦੋਸ਼ੀ ਪੁਲਿਸ ਅਫਸਰਾਂ ਨੂੰ ਸਜ਼ਾਵਾਂ ਦਿਵਾਉਣ ਅਤੇ ਇਨ੍ਹਾਂ ਦੀ ਪਿੱਠ ਤੇ ਖੜੇ ਸਿਆਸਤਦਾਨਾਂ ਨੂੰ ਲੋਕ ਸੱਥਾਂ ਵਿੱਚ ਬੇਪਰਦ ਕਰਨ, ਮਹਿਲਕਲਾਂ ਐਕਸ਼ਨ ਕਮੇਟੀ ਦੇ ਇੱਕ ਅਹਿਮ ਆਗੂ ਦੀ ਸਜ਼ਾ ਰੱਦ ਕਰਾਉਣਾ ਸੰਭਵ ਹੀ ਨਹੀਂ ਸੀ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਯਾਦਗਾਰ ਕਮੇਟੀ ਮਹਿਲਕਲਾਂ ਦੇ ਕਨਵੀਨਰ ਗੁਰਬਿੰਦਰ ਸਿੰਘ ਕਲਾਲਾ ਨੇ 28 ਸਾਲ ਤੋਂ ਮਹਿਲਕਲਾਂ-ਬਰਨਾਲਾ ਸਮੇਤ ਸਮੁੱਚੇ ਪੰਜਾਬ ਦੀ ਧਰਤੀ ਦੇ ਜੁਝਾਰੂ ਵਾਰਸਾਂ ਵੱਲੋਂ ਐਕਸ਼ਨ ਕਮੇਟੀ ਹੁਣ ਯਾਦਗਾਰ ਕਮੇਟੀ ਦੀ ਢਾਲ ਤੇ ਤਲਵਾਰ ਬਣਨ ਲਈ ਜੈ-ਜੈ ਕਾਰ ਆਖਦਿਆਂ ਇਨਕਲਾਬੀ ਸਲਾਮ ਭੇਂਟ ਕੀਤੀ।ਉਨ੍ਹਾਂ ਕਿਹਾ ਕਿ ਇਸ ' ਮਹਿਲਕਲਾਂ ਲੋਕ ਘੋਲ -ਜਬਰ ਜ਼ੁਲਮ ਖ਼ਿਲਾਫ਼ ਲੋਕ ਟਾਕਰੇ ਦਾ ਐਲਾਨਨਾਮਾ'' ਦੇ ਵਿਗਿਆਨ ਨੇ ਇਤਿਹਾਸਕ ਜਿੱਤਾਂ ਜਿੱਤਣ ਰਾਹੀਂ ਨਵੀਂ ਮਿਸਾਲ ਕਾਇਮ ਕੀਤੀ ਹੈ।

ਪੰਜਾਬ ਯੂਨੀਵਰਸਿਟੀ ਦੀ ਸਾਬਕਾ ਵਿਦਿਆਰਥੀ ਆਗੂ, ਜਮਹੂਰੀ ਹੱਕਾਂ ਦੀ ਕਾਰਕੁਨ ਐਡਵੋਕੇਟ ਅਮਨਦੀਪ ਕੌਰ ਨੇ ਕਿਹਾ ਕਿ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਸਭ ਤੋਂ ਦਲਿਤ ਮਜ਼ਦੂਰ ਅਤੇ ਘੱਟ ਗਿਣਤੀ ਔਰਤਾਂ ਨੂੰ ਸਹਿਣੀ ਪੈ ਰਹੀ ਹੈ। ਔਰਤਾਂ ਉੱਤੇ ਜ਼ਬਰ ਦਾ ਜ਼ਿੰਮੇਵਾਰ ਲੁਟੇਰਾ ਅਤੇ ਜ਼ਾਬਰ ਰਾਜ ਪ੍ਰਬੰਧ ਹੈ। ਇਸ ਪ੍ਰਬੰਧ ਅਧੀਨ ਔਰਤਾਂ ਦੀ ਮੁਕਤੀ ਸੰਭਵ ਵੀ ਨਹੀਂ ਹੈ। ਇਸ ਲਈ ਔਰਤਾਂ ਨੂੰ ਚੇਤੰਨ ਅਗਵਾਈ ਅਧੀਨ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣਾ ਹੋਵੇਗਾ।

ਇਨਕਲਾਬੀ ਕੇਂਦਰ,ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਗੁੰਡਾ-ਪੁਲਿਸ-ਸਿਆਸੀ-ਅਦਾਲਤੀ ਗੱਠਜੋੜ ਖਿਲਾਫ਼ ਵੱਡੀ ਲੜਾਈ ਜਿੱਤ ਲਈ ਹੈ। ਪਰ ਇਹ ਅੰਤਿਮ ਜਿੱਤ ਨਹੀਂ ਹੈ। ਕਿਉਂਕਿ ਜਿੱਥੇ ਅੱਜ ਸੰਸਾਰ ਪੱਧਰ ਤੇ ਗੈਰ ਬਰਾਰਤਾ ਸ਼ਿਖਰਾਂ ਛੋਹ ਰਹੀ ਹੈ,1% ਅਮੀਰ ਲੋਕ 95% ਗਰੀਬ ਲੋਕਾਂ ਤੋਂ ਵੱਧ ਧੰਨ ਦੌਲਤ ਤੇ ਕਾਬਜ਼ ਹਨ। ਤੇ ਮੁਨਾਫ਼ੇ ਦੀ ਅੰਨ੍ਹੀ ਦੌੜ ਵਿੱਚੋਂ ਜੰਗਾਂ ਲਾ ਰਹੇ ਨੇ, ਹਾਲਤ ਪਰਮਾਣੂ ਜ਼ੰਗ ਦੇ ਖਤਰੇ ਵੱਲ ਵੱਧ ਰਹੀ ਹੈ ਉੱਥੇ ਹੀ ਵਾਤਾਵਰਣ ਦਾ ਸੰਕਟ ਲਗਾਤਾਰ ਤਿੱਖਾ ਹੋ ਰਿਹਾ ਹੈ। ਤੇ ਸਮਾਜ ਦੇ ਪ੍ਰਬੰਧਕ ਬਣੇ ਬੈਠੇ ਲੁਟੇਰੇ ਹਾਕਮ ਮਨੁੱਖਤਾ ਨੂੰ ਮੌਤ ਤੇ ਮੂੰਹ ਵੱਲ ਧੱਕ ਰਹੇ ਨੇ। ਤੇ ਔਰਤਾਂ 'ਤੇ ਜ਼ਬਰ ਵੀ ਲਗਾਤਾਰ ਵਧ ਰਿਹਾ ਹੈ। ਭਾਰਤ ਦੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ 40% ਨੁਮਾਇੰਦਿਆਂ ਦਾ ਅਪਰਾਧਿਕ (ਅਗਵਾ, ਬਲਾਤਕਾਰ,ਕਤਲ ਆਦਿ) ਪਿਛੋਕੜ ਹੈ। ਕਾਨੂੰਨਦਾਨ ਵੀ ਕਟਿਹਰੇ ਵਿੱਚ ਹਨ। ਇਸੇ ਕਰਕੇ ਔਰਤਾਂ ਨਾਲ ਘਰੇਲੂ ਹਿੰਸਾ, ਕੰਮ ਦਿਹਾੜੀ ਵਿਚ ਵਿਤਕਰਾ, ਕੰਮ ਦੀਆਂ ਥਾਵਾਂ ਤੇ ਸ਼ੋਸ਼ਣ, ਬੱਚੀਆਂ ਦਾ ਸ਼ੋਸ਼ਣ, ਜਨਤਕ ਥਾਵਾਂ ਤੇ ਛੇੜ ਛਾੜ, ਗੀਤਾਂ, ਮਸ਼ਹੂਰੀਆਂ ਤੇ ਫਿਲਮਾਂ ਵਿੱਚ ਔਰਤਾਂ ਨੂੰ ਇਕ ਵਸਤੂ ਦੇ ਤੌਰ ਤੇ ਪੇਸ਼ ਕਰਨਾ, ਦਾਬਾ ਪਾਉਣਾ ਆਦਿ ਜ਼ਬਰ ਜੁਲਮ ਲਗਾਤਾਰ ਵਧ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਜਿਹੀ ਹਾਲਤ ਵਿੱਚ ਸਾਨੂੰ ਆਸ ਨਹੀਂ ਕਰਨੀ ਚਾਹੀਦੀ ਕਿ ਇਹ ਲੋਕ ਔਰਤਾਂ ਉੱਤੇ ਜ਼ਬਰ ਨੂੰ ਰੋਕਣਗੇ। ਇਸ ਲਈ 'ਮਹਿਲਕਲਾਂ ਲੋਕ ਘੋਲ ਦਾ ਪੈਗਾਮ-ਜਾਰੀ ਰੱਖਣਾ ਹੈ ਸੰਗਰਾਮ' ਦੇ ਬੁਨਿਆਦੀ ਨਾਹਰੇ ਤਹਿਤ ਮਹਿਲਕਲਾਂ ਦੀ ਧਰਤੀ ਉੱਪਰ ਚੱਲ ਰਹੇ ਸੰਘਰਸ਼ ਵਿੱਚ ਔਰਤਾਂ ਨੂੰ ਹਰ ਥਾਂ ਆਗੂ ਭੂਮਿਕਾ ਨਿਭਾਉਣ ਲਈ ਅੱਗੇ ਆਉਣਾ ਹੋਵੇਗਾ। ਯਾਦਗਾਰ ਕਮੇਟੀ ਦੇ ਆਗੂ ਨਰਾਇਣ ਦੱਤ ਨੇ ਕਿਹਾ ਕਿ ਮਹਿਲਕਲਾਂ ਦੀ ਧਰਤੀ ਦੇ ਵਾਰਸਾਂ ਵੱਲੋਂ ਸਾਂਝੇ



ਸੰਘਰਸ਼ਾਂ ਦੇ ਦਰੁੱਸਤ ਬੁਨਿਆਦ ਦੀ ਗੂੰਜ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਸਮੇਤ ਹਰ ਸੰਘਰਸ਼ ਵਿੱਚ ਵੀ ਗੂੰਜ ਰਹੀ ਹੈ। ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੋਕ ਵਿਰੋਧੀ ਨੀਤੀ ਦੀ ਚੀਰਫਾੜ ਕਰਦਿਆਂ ਕਿਹਾ ਕਿ ਰਾਜ ਗੱਦੀ ਉੱਪਰ ਕਾਬਜ਼ ਹਾਕਮ ਮੁਲਕ ਦੇ ਜਲ, ਜੰਗਲ਼, ਜ਼ਮੀਨ ਸਮੇਤ ਮੁਲਕ ਦੇ ਕੁਦਰਤੀ ਸ੍ਰੋਤ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਹਨ। ਮੋਦੀ ਹਕੂਮਤ ਦੀ ਇਸ ਲੋਕ ਵਿਰੋਧੀ ਨੀਤੀ ਨੂੰ ਪੁੱਠਾ ਗੇੜਾ ਦੇਣ ਲਈ ਮਹਿਲਕਲਾਂ ਵਰਗੇ ਸਾਂਝੇ ਲੋਕ ਸੰਘਰਸ਼ਾਂ ਦੀ ਵਿਰਾਸਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਧਨੇਰ ਅਤੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਰਾਮਪੁਰਾ ਨੇ ਕਿਹਾ ਕਿ ਮੋਦੀ ਹਕੂਮਤ ਅਤੇ ਭਗਵੰਤ ਮਾਨ ਸਰਕਾਰ ਪੇਂਡੂ ਸੱਭਿਆਚਾਰ ਨੂੰ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਡੇ ਵੱਡੇ ਵਾਅਦਿਆਂ ਦੀ ਝੜੀ ਲਗਾਕੇ ਸੱਤਾ ਉੱਪਰ ਕਾਬਜ਼ ਹੋਈ ਸੀ। ਜਿਸ ਨੇ ਸੱਤਾ ਉੱਤੇ ਕਾਬਜ਼ ਹੁੰਦਿਆਂ ਹੀ ਕਾਰਪੋਰੇਟ ਘਰਾਣਿਆਂ ਪੱਖੀ ਨੀਤੀ 'ਤੇ ਚੱਲਦਿਆਂ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਪੁਲਸੀਆ ਜਾਬਰ ਹੱਲਾ ਤੇਜ਼ ਕੀਤਾ ਹੋਇਆ ਹੈ। ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਲਾਗੂ ਕੀਤੀ ਜਾ ਰਹੀ ਕਿਸਾਨ-ਲੋਕ ਵਿਰੋਧੀ ਨੀਤੀ ਖਿਲਾਫ਼ ਮਹਿਲਕਲਾਂ ਦੀ ਲੋਕ ਸ਼ਕਤੀ ਤੋਂ ਪ੍ਰੇਰਨਾ ਹਾਸਲ ਕਰਕੇ ਸਾਂਝੇ ਇੱਕਜੁੱਟ ਸੰਘਰਸ਼ ਦੀ ਲੋੜ 'ਤੇ ਜੋਰ ਦਿੱਤਾ। ਇਨਕਲਾਬੀ ਕੇਂਦਰ, ਪੰਜਾਬ ਦੇ ਨੌਜਵਾਨ ਆਗੂ ਹਰਪ੍ਰੀਤ, ਸਹਿਜਪ੍ਰੀਤ ਕੌਰ ਅਤੇ ਤਾਨੀਆ ਸ਼ਰਮਾ ਨੇ ਕਿਹਾ ਕਿ ਅੱਜ ਵੀ ਪੂਰੇ ਮੁਲਕ ਅੰਦਰ ਵਾਪਰ ਰਹੀਆਂ ਸ਼ਰਮਨਾਕ ਘਟਨਾਵਾਂ ਨੇ ਵੱਡੇ ਸਵਾਲ ਖੜੇ ਕੀਤੇ ਹਨ। ਮੁਲਕ ਦੇ ਵੱਖ-ਵੱਖ ਹਿੱਸਿਆਂ ਅੰਦਰ ਔਰਤਾਂ ਨੂੰ ਜ਼ਬਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵੀ ਅਜਿਹਾ ਹੀ ਦ੍ਰਿਸ਼ ਫ਼ਲਸਤੀਨ ਸਮੇਤ ਹਰ ਥਾਂ ਵੇਖਿਆ ਜਾ ਸਕਦਾ ਹੈ। ਔਰਤਾਂ ਨੂੰ ਗ਼ਦਰੀ ਗੁਲਾਬ ਕੌਰ, ਮਾਈ ਭਾਗੋ, ਦੁਰਗਾ ਭਾਬੀ, ਸਵਿਤਰੀ ਬਾਈ ਫੂਲੇ, ਫਾਤਿਮਾ ਸ਼ੇਖ ਜਿਹੀਆਂ ਮਹਾਨ ਔਰਤਾਂ ਦੇ ਆਪਣੇ ਸੰਗਰਾਮੀ ਵਿਰਸੇ ਉੱਪਰ ਮਾਣ ਮਹਿਸੂਸ ਕਰਕੇ ਲੋਕ ਘੋਲਾਂ ਦੇ ਵਿਗਿਆਨ ਨੂੰ ਸਮਝਣਾ ਹੋਵੇਗਾ। ਔਰਤ ਦੀ ਮੁਕਤੀ ਹਰ ਕਿਸਮ ਦੀ ਗੈਰਬਰਾਬਰਤਾ ਖ਼ਤਮ ਕਰਕੇ ਨਵਾਂ ਸਮਾਜ ਸਿਰਜਣ ਨਾਲ ਹੀ ਸੰਭਵ ਹੋਵੇਗੀ। ਸਾਥੀ ਭਗਵੰਤ ਸਿੰਘ ਮਹਿਲਕਲਾਂ ਦੀ ਜੀਵਨ ਸਾਥਣ ਪ੍ਰੇਮਪਾਲ ਕੌਰ ਨੇ ਸ਼ਹੀਦ ਕਿਰਨਜੀਤ ਕੌਰ ਦੀ ਜੂਝ ਮਰਨ ਦੀ ਭਾਵਨਾ ਨੂੰ ਅਮਰ ਕਰਾਰ ਦਿੱਤਾ। ਹਾਸ਼ੀਏ 'ਤੇ ਧੱਕੀਆਂ ਔਰਤਾਂ ਨੂੰ ਮਹਿਲਕਲਾਂ ਦੀ ਧਰਤੀ ਨੇ ਜਥੇਬੰਦ ਹੋਣ, ਸੰਘਰਸ਼ ਕਰਨ ਤੋਂ ਅੱਗੇ ਔਰਤ ਦੀ ਮੁਕੰਮਲ ਮੁਕਤੀ ਵਾਲਾ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਡੀਟੀਐੱਫ ਦੇ ਜ਼ਿਲ੍ਹਾ ਸਕੱਤਰ ਨਿਰਮਲ ਸਿੰਘ ਚੁਹਾਣਕੇ, ਪਾਵਰਕੌਮ ਪੈਨਸ਼ਨਰਜ਼ ਦੇ ਸੂਬਾ ਆਗੂ ਸ਼ਿੰਦਰ ਧੌਲਾ ਨੇ ਸੰਸਾਰੀਕਰਨ, ਉਦਾਰੀਕਰਨ, ਨਿੱਜੀਕਰਨ ਦੀ ਨੀਤੀ ਤਹਿਤ ਸਿੱਖਿਆ, ਸਿਹਤ, ਰੇਲਵੇ, ਬਿਜਲੀ ਬੋਰਡ, ਕੋਇਲਾ ਖਾਣਾਂ, ਬੀਮਾ, ਬੈਂਕਾਂ ਆਦਿ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ, ਚਾਰ ਨਵੇਂ ਕਿਰਤ ਕਾਨੂੰਨਾਂ ਰਾਹੀਂ ਕਿਰਤੀਆਂ ਦੀ ਤਿੱਖੀ ਰੱਤ ਨਿਚੋੜਨ ਦੀ ਨੀਤੀ ਖ਼ਿਲਾਫ਼ ਚੱਲ ਰਹੇ ਸੰਘਰਸ਼ਾਂ ਵਿੱਚ ਵਧ ਚੜ੍ਹਕੇ ਹਿੱਸਾ ਲੈਣ ਦੀ ਅਪੀਲ ਕੀਤੀ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸੂਬਾ ਆਗੂ ਧੰਨਾ ਮੱਲ ਗੋਇਲ ਨੇ ਵਿਚਾਰ ਪੇਸ਼ ਕਰਦਿਆਂ ਜਾਬਰਾ ਖ਼ਿਲਾਫ਼ ਨਾਬਰੀ ਦਾ ਇਤਿਹਾਸ ਰਚਣ ਵਾਲੇ ਜੁਝਾਰੂ ਕਾਫ਼ਲਿਆਂ ਨੂੰ ਇਸ ਲੋਕ ਸੰਗਰਾਮ ਦੀ ਗਾਥਾ ਜਾਰੀ ਰੱਖਣ ਦੀ ਲੋੜ'ਤੇ ਜੋਰ ਦਿੱਤਾ। ਬਰਨਾਲਾ-ਇਲਾਕੇ ਦੀ ਵਿਉਂਤਬੱਧ ਪ੍ਰਚਾਰ ਮੁਹਿੰਮ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਜਗਰਾਜ ਸਿੰਘ ਹਰਦਾਸਪੁਰਾ ਨੇ ਕਿਹਾ ਕਿ ਹਰ ਪਿੰਡ, ਹਰ ਗਲੀ, ਹਰ ਮੁਹੱਲੇ, ਹਰ ਅਦਾਰੇ ਪਾਵਰਕੌਮ,ਸਕੂਲਾਂ/ਕਾਲਜਾਂ ਵਿੱਚੋਂ ਮਹਿਲਕਲਾਂ ਲੋਕ ਘੋਲ ਦੇ 28ਵੇਂ ਯਾਦਗਾਰੀ ਸਮਾਗਮ ਨੂੰ ਭਰਪੂਰ ਸਮਰਥਨ ਦੇਣ ਲਈ ਧੰਨਵਾਦ ਕੀਤਾ।

ਯਾਦਗਾਰ ਕਮੇਟੀ ਵੱਲੋਂ ਕਵਿਤਾ ਕ੍ਰਿਸ਼ਨਨ, ਅਮਨਦੀਪ ਕੌਰ, ਜਸਪਾਲ ਮਾਨਖੇੜਾ ਦਾ ਸ਼ਾਲ ਅਤੇ ਸਨਮਾਨ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ। ਐਕਸ਼ਨ ਕਮੇਟੀ ਮਹਿਲਕਲਾਂ ਵਿੱਚ ਦਲੇਰਾਨਾ ਭੂਮਿਕਾ ਨਿਭਾਉਂਦੇ ਬੇਵਕਤੀ ਵਿਛੋੜਾ ਦੇ ਗਏ ਭਗਵੰਤ ਸਿੰਘ,ਡਾ ਕੁਲਵੰਤ ਰਾਏ, ਪ੍ਰੀਤਮ ਦਰਦੀ ਅਤੇ ਮਾ ਗੁਰਦੇਵ ਸਿੰਘ ਸਹਿਜੜਾ ਦੇ ਪ੍ਰੀਵਾਰਾਂ ਨੂੰ ਸਨਮਾਨ ਪੱਤਰ ਅਤੇ ਸ਼ਾਲ/ਲੋਈ ਪਹਿਨਾਕੇ ਸਨਮਾਨਿਤ ਕੀਤਾ ਗਿਆ। ਕਲਮ, ਕਲਾ, ਸੰਗਰਾਮਾਂ ਦੀ ਜੋਟੀ ਨੂੰ ਹੋਰ ਵੱਧ ਮਜ਼ਬੂਤ ਦੇ ਮਕਸਦ ਤਹਿਤ ਪ੍ਰੈੱਸ ਕਲੱਬ ਰਜਿ, ਆਜ਼ਾਦ ਪ੍ਰੈੱਸ ਕਲੱਬ ਅਤੇ ਗੁਣਤਾਜ ਪ੍ਰੈੱਸ ਕਲੱਬ ਨੂੰ ਮੋਮੈਂਟੋ ਦੇਕੇ ਸਨਮਾਨਿਤ ਕੀਤਾ ਗਿਆ। ਜੁਝਾਰੂ ਕਾਫਲਿਆਂ ਲਈ ਲੰਗਰ ਦਾ ਪ੍ਰਬੰਧ ਭਾਕਿਯੂ ਏਕਤਾ ਡਕੌਂਦਾ ਦੇ ਆਗੂਆਂ ਨਾਨਕ ਸਿੰਘ ਅਮਲਾ ਸਿੰਘ ਵਾਲਾ, ਅਮਨਦੀਪ ਸਿੰਘ ਰਾਏਸਰ ਅਤੇ ਬਾਬੂ ਸਿੰਘ ਖੁੱਡੀਕਲਾਂ ਵੱਲੋਂ ਚਲਾਇਆ ਗਿਆ। ਵਲੰਟੀਅਰਾਂ ਦੀ ਜ਼ਿੰਮੇਵਾਰੀ ਡਾ ਅਮਰਜੀਤ ਕਾਲਸਾਂ ਦੀ ਦੇਖਰੇਖ ਹੇਠ ਕੁਲਵੀਰ ਔਲਖ, ਰਜਿੰਦਰ ਖਿਆਲੀ, ਡਾ ਨਿਰਭੈ ਸਿੰਘ, ਰੁਲਦੂ ਸਿੰਘ ਗੁੰਮਟੀ ਦੀ ਅਗਵਾਈ ਵਿੱਚ ਸਾਥੀਆਂ ਨੇ ਬਾਖ਼ੂਬੀ ਨਿਭਾਈ। ਜਗਰਾਜ ਹਰਦਾਸਪੁਰਾ ਨੇ 27 ਸਾਲ ਦੀ ਸਾਂਝੇ ਸੰਘਰਸ਼ਾਂ ਦੀ ਲਟ-ਲਟ ਕਰਕੇ ਬਲ ਰਹੀ ਮਸ਼ਾਲ ਨੂੰ ਹੋਰ ਵੱਧ ਚੇਤੰਨ ਸਰਗਰਮੀ ਰਾਹੀਂ ਲਗਾਤਾਰ ਜਾਰੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਵਾਰ ਦੀ ਤਿਆਰੀ ਮੁਹਿੰਮ ਵਿੱਚ ਨੌਜਵਾਨਾਂ ਖਾਸ ਕਰ ਨੌਜਵਾਨ ਧੀਆਂ ਵੱਲੋਂ ਨਿਭਾਈ ਭੂਮਿਕਾ ਦੀ ਜ਼ੋਰਦਾਰ ਸ਼ਲਾਘਾ ਕੀਤੀ। ਭਾਅ ਜੀ ਗੁਰਸ਼ਰਨ ਸਿੰਘ ਦਾ ਲਿਖਿਆ ਪ੍ਰਸਿੱਧ ਨਾਟਕ 'ਧਰਤ ਦੀ ਵੰਗਾਰੇ ਤਖ਼ਤ ਨੂੰ' ਲੋਕ ਕਲਾ ਮੰਚ ਮੰਡੀ ਮੁਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਲੋਕ ਪੱਖੀ ਸਾਹਿਤ ਦੀਆਂ ਸਟਾਲਾਂ ਖਾਸ ਕਰ ਨਾਵਲਕਾਰ ਜਸਪਾਲ ਮਾਨਖੇੜਾ ਦਾ 'ਅੱਜ ਸਟੇਜ ਤੋਂ ਲੋਕ ਅਰਪਣ ਕੀਤਾ ਗਿਆ ਨਾਵਲ 'ਹਵੇਲੀਆਲਾ' ਵੱਡੀ ਗਿਣਤੀ ਵਿੱਚ ਲੋਕਾਂ ਖ੍ਰੀਦਿਆ। ਸਟੇਜ ਦੇ ਫਰਜ਼ ਯਾਦਗਾਰ ਕਮੇਟੀ ਦੇ ਆਗੂਆਂ ਗੁਰਦੇਵ ਸਿੰਘ ਮਾਂਗੇਵਾਲ ਅਤੇ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ ਨੇ ਬਾਖ਼ੂਬੀ ਨਿਭਾਏ। ਗੀਤਕਾਰਾਂ ਨੇ ਲੋਕ ਪੱਖੀ ਗੀਤਾਂ ਰਾਹੀਂ ਹਾਜ਼ਰੀਨ ਵਿੱਚ ਇਨਕਲਾਬੀ ਜੋਸ਼ ਭਰਿਆ। ਲੁਧਿਆਣਾ ਦੀਆਂ ਪ੍ਰਵਾਸੀ ਮਜ਼ਦੂਰ ਨੌਜਵਾਨ ਧੀਆਂ ਨੇ ਇਨਕਲਾਬੀ ਮਜ਼ਦੂਰ ਕੇਂਦਰ ਦੀ ਅਗਵਾਈ ਹੇਠ ਔਰਤਾਂ ਨਾਲ ਢੁੱਕਵੇਂ ਵਿਸ਼ੇ 'ਰਾਜ ਬਦਲੋ-ਸਮਾਜ ਬਦਲੋ' ਪੇਸ਼ ਕਰਕੇ ਨਵਾਂ ਜੋਸ਼ ਭਰ ਦਿੱਤਾ ਅਤੇ ਸਾਰਥਿਕ ਸੁਨੇਹਾ ਦਿੱਤਾ। ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਵਾਪਸ ਲੈਣ ਨੂੰ ਲੋਕ ਸੰਘਰਸ਼ ਦੀ ਜਿੱਤ ਕਰਾਰ ਦਿੰਦਿਆਂ, ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ। ਆਗੂਆਂ ਮਾਣ ਨਾਲ ਇਹ ਗੱਲ ਸਾਂਝੀ ਕੀਤੀ ਕਿ ਇਸ ਵਾਰ ਕਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਵੀ ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦਾ ਯਾਦਗਾਰੀ ਸਮਾਗਮ ਗੁਰਮੀਤ ਸੁਖਪੁਰਾ, ਮਨਦੀਪ ਸੱਦੋਵਾਲ ਅਤੇ ਬਲਵਿੰਦਰ ਬਰਨਾਲਾ ਦੀ ਅਗਵਾਈ ਵਿੱਚ ਹੋਇਆ ਹੈ। ਇਸ ਸਮੇਂ ਹਰਨੇਕ ਸਿੰਘ ਮਹਿਮਾ, ਅਮਨਦੀਪ ਸਿੰਘ ਲਲਤੋਂ, ਕੁਲਵੰਤ ਸਿੰਘ ਭਦੌੜ, ਅਮਰਜੀਤ ਕੌਰ, ਕੁਲਵੰਤ ਭਦੌੜ, ਪਿਸ਼ੌਰਾ ਸਿੰਘ, ਪਰਮਜੀਤ ਕੌਰ ਜੋਧਪੁਰ, ਰਜਿੰਦਰਪਾਲ, ਸੁਖਵਿੰਦਰ ਸਿੰਘ, ਜਗਮੀਤ ਬੱਲਮਗੜ੍ਹ, ਕੇਵਲਜੀਤ ਕੌਰ, ਪਰਮਜੀਤ ਕੌਰ, ਅਮਰਜੀਤ ਕੌਰ, ਬਲਜੀਤ ਕੌਰ ਤੋਂ ਇਲਾਵਾ ਬਹੁਤ ਸਾਰੇ ਆਗੂ ਵੀ ਹਾਜ਼ਰ ਸਨ।

ਇਕੱਠ ਵੱਲੋਂ ਦੇਸ਼ ਅੰਦਰ ਔਰਤਾਂ, ਦਲਿਤਾਂ ਧਾਰਮਿਕ ਘੱਟ ਗਿਣਤੀਆਂ ਅਤੇ ਵੱਖ ਵੱਖ ਕੌਮੀਅਤਾਂ ਉੱਪਰ ਵਧ ਰਹੇ ਜ਼ੁਲਮ ਦਾ ਵਿਰੋਧ, ਟਰੰਪ ਦੀ ਟਰੇਡ ਵਾਰ, ਗਾਜ਼ਾ ਪੱਟੀ ਦਾ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਵੱਲੋਂ ਨਸਲ ਘਾਤ, ਆਦਿਵਾਸੀਆਂ ਅਤੇ ਮਾਓਵਾਦੀਆਂ ਦਾ ਅਪਰੇਸ਼ਨ 'ਕਗਾਰ' ਤਹਿਤ ਕਤਲੇਆਮ, ਭਾਰਤੀ ਹਾਕਮਾਂ ਵੱਲੋਂ ਜ਼ੰਗੀ ਜਨੂੰਨ ਭੜਕਾਉਣ ਦੀਆਂ ਤਾਜ਼ਾ ਕਾਰਵਾਈਆਂ ਫ਼ੌਜੀ ਅਫਸਰਾਂ ਤੇ ਸਰਕਾਰ ਦੇ ਬਿਆਨ ਦਾ ਵਿਰੋਧ, ਕਸ਼ਮੀਰ ਅੰਦਰ 25 ਲੇਖਕਾਂ ਦੀਆਂ ਕਿਤਾਬਾਂ ਉੱਪਰ ਲਾਈ ਪਾਬੰਦੀ ਦਾ ਵਿਰੋਧ, ਕਾਲੇ ਕਾਨੂੰਨਾਂ ਅਧੀਨ ਨਜ਼ਰਬੰਦ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ, ਭਗਵੰਤ ਮਾਨ ਸਰਕਾਰ ਵੱਲੋਂ ਸੰਘਰਸ਼ ਕਰ ਰਹੇ ਤਬਕਿਆਂ ਪ੍ਰਤੀ ਜ਼ਬਰ ਦੀ ਨੀਤੀ ਬੰਦ ਕਰਨ, ਅਖ਼ਾੜਾ ਸਮੇਤ ਹੋਰਨਾਂ ਥਾਵਾਂ 'ਤੇ ਬੀਬੀਸੀ (ਕੈਂਸਰ ਫੈਕਟਰੀਆਂ) ਬੰਦ ਕਰਨ, ਸਰਕਾਰੀ ਅਦਾਰਿਆਂ ਵਿੱਚ 15-15 ਸਾਲ ਤੋਂ ਆਊਟਸੋਰਸ ਕਾਮਿਆਂ ਨੂੰ ਰੈਗੂਲਰ ਕਰਨ ਆਦਿ ਮਤੇ ਨਾਹਰਿਆਂ ਦੀ ਗੂੰਜ ਵਿੱਚ ਪਾਸ ਕੀਤੇ। ਮਹਿਲਕਲਾਂ ਬਲਾਕ ਅਤੇ ਪਿੰਡ ਦੇ ਆਗੂਆਂ ਨਾਨਕ ਸਿੰਘ ਅਮਲਾ ਸਿੰਘ ਵਾਲਾ, ਸਤਨਾਮ ਸਿੰਘ ਮੂੰਮ, ਅਮਨਦੀਪ ਸਿੰਘ ਰਾਏਸਰ, ਹਰਪ੍ਰੀਤ ਸਿੰਘ ਮਹਿਲਕਲਾਂ, ਜੱਗਾ ਸਿੰਘ ਮਹਿਲਕਲਾਂ, ਸ਼ੇਰ ਸਿੰਘ ਮਹਿਲਕਲਾਂ, ਪ੍ਰੀਤਮ ਸਿੰਘ ਮਹਿਲਕਲਾਂ ਆਦਿ ਆਗੂਆਂ ਨੇ ਅਹਿਮ ਭੂਮਿਕਾ ਨਿਭਾਈ।

Space available for Ad
Contact # +1 (209) 303-1260


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 15**

ਸਿਰੀਰਾਗੁ ਮਹਲਾ ੧ ॥

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥ ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥ ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥ ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥ ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥ ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੩॥ ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ {ਪੰਨਾ 15}

ਗੁਰੂ ਨਾਨਕ ਮਹਾਰਾਜ ਜੀ ਦੀ ਉਪਰੋਕਤ ਪਾਵਨ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 15 ਉਪਰ , ਸਿਰੀਰਾਗ ਤਹਿਤ ਸੁਸ਼ੋਭਿਤ ਹੈ ।

ਭਾਵ ਅਰਥ:-ਅਸੀਂ ਸਭ ਭਲੀ ਭਾਂਤ ਜਾਣੂੰ ਹਾਂ ਕਿ ,ਸਾਡੇ ਸਾਹ,ਖਾਣਾ ਪੀਣਾ,ਜੀਵਨ ਤੇ ਰੰਗ ਤਮਾਸ਼ੇ ਸਭ ਕੁਝ ਇੱਕ ਹੱਦ ਵਿੱਚ ਮਿਥਿਆ ਹਨ । ਮਾਇਆ ਮੋਹ {ਪਰਿਵਾਰਿਕ ਜੀਵਾਂ ਦੇ ਪਿਆਰ} ਵਿੱਚ ਫਸਕੇ ਕਈਆਂ ਨਾਲ ਧੋਖੇ ਕਰਦੇ ਹਾਂ। ਇਹ ਸਭ ਕੁਝ ਦੇ ਮਗਰ ਲੱਗਕੇ, ਆਪਣੇ ਜੀਵਨ ਦਾ ਅਸਲੀ ਮਨੋਰਥ, ਪ੍ਰਮਾਤਮਾ ਦਾ ਨਾਮ ਭੁੱਲ ਜਾਂਦੇ ਹਾਂ ,ਜਿਸ ਕਾਰਣ ਲੋਕ ਪਰਲੋਕ ਦੋਵਾਂ ਥਾਂਵਾਂ ਤੇ ਢੋਈ ਨਹੀਂ ਮਿਲਦੀ ॥ਰਹਾਉ॥

ਜਿਥੇ ਬਹਿ ਕੇ ਪਰਿਵਾਰ ਨਾਲ ਮਤੇ ਕਰਦਾ ਸੀ ਉਥੇ ਹੁਣ ਮਰਨ ਤੋਂ ਬਾਅਦ ਨਾਲ ਚੱਲਣ ਲਈ ਕੋਈ ਨਹੀਂ ਹੈ। ਉਹ ਸਾਰੇ ਸਮਾਨ ਇਕੱਠਾ ਕਰਨ ਲੱਗੇ ਹਨ। ਹੁਣ ਉਸ ਮਰਨ ਵਾਲੇ ਦੀਆਂ ਵਡਿਆਈਆਂ ਕੀਤੀਆਂ ਜਾਂਦੀਆਂ ਹਨ, ਜਿਉਂਦਿਆਂ ਕਿਸੇ ਨੇ ਕੋਈ ਕੀਮਤ ਨਹੀਂ ਪਾਈ, ਕਹਿਣ ਨਾਲ ਵੱਡਾ ਨਹੀਂ ਹੋ ਸਕਦਾ। ਹੇ ਅਕਾਲ ਪੁਰਖ ਇੱਕ ਆਪ ਹੀ ਸੰਭਾਲਣ ਵਾਲੇ ਹੋ,ਹੋਰ ਕੋਈ ਨਹੀਂ। ਹੇ ਦਾਤਾ !ਨਾਨਕ ਦਾਸ ਅਰਜ਼ੋਈ ਕਰਦਾ ਹੈ,ਮੈਂ ਨੀਚ ਹਾਂ,ਨੀਤਾਂ ਤੋਂ ਵੀ ਨੀਚ। ਵੱਡਿਆਂ ਦੀ ਮੈਂ ਰੀਸ ਨਹੀਂ ਕਰ ਸਕਦਾ ਮੈਨੂੰ ਨੀਚ ਨੂੰ ਤੂੰ ਹੀ ਆਸਰਾ ਦਿੰਦਾ ਹੈਂ ਮੇਰਾ ਕੇਵਲ ਤੇ ਕੇਵਲ ਤੂੰ ਹੀ ਹੈਂ ।

ਸਿਰੀਰਾਗੁ ਮਹਲਾ ੧ ॥

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥ {ਪੰਨਾ 15}

- ਉਪਰੋਕਤ ਬਾਣੀ ਪਹਿਲੇ ਪਾਤਸ਼ਾਹ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਰੀਰਾਗ ਵਿੱਚ ਉਚਰਿਤ ਹੈ।
- ਭਾਵ ਅਰਥ :-

ਹੇ ! ਪਾਰਬ੍ਰਹਮ ਪ੍ਰਭੂ ਮੇਰੀ ਖਾਣ ਦੀ ਲਾਲਚ,ਕੁੱਤਾ ਬਣੀ ਹੋਈ ਹੈ ,ਝੂਠ ਦੀ ਆਦਤ, ਚੂਹੜੇ ਵਰਗੀ ਬਣ ਚੁੱਕੀ ਹੈ, ਮੇਰੀਆਂ ਠੱਗੀਆਂ ਮੁਰਦੇ ਵਾਂਗ ਬਦਬੂਦਾਰ ਹੋ ਗਈਆਂ ਹਨ । ਇਸਤੋਂ ਇਲਾਵਾ ਨਿੰਦਿਆ ਚੁਗਲੀ ਜੋ ਕਿ ਦੂਜੇ ਦਾ ਗੰਦ ਆਪਣੇ ਆਪਣੇ ਉੱਪਰ ਲੱਦ ਰਿਹਾ ਹਾਂ ,ਕ੍ਰੋਧ ਦੀ ਅਗਨੀ, ਮੇਰੇ ਅੰਦਰ ਚੰਡਾਲ ਬਣੀ ਹੋਈ ਹੈ। ਇਨਾਂ ਹੀ ਚਸਕਿਆਂ ਦੀ ਤਰ੍ਹਾਂ ਮੈਨੂੰ ਆਪਣੇ ਆਪ ਨੂੰ ਵਡਿਆਉਣ ਦੀ ਵੀ ਮਾੜੀ ਆਦਤ ਹੈ।

ਹੇ ਭਾਈ ! ਸਾਨੂ ਉਹੀ ਬੋਲ ਬੋਲਣੇ ਚਾਹੀਦੇ ਹਨ, ਜਿਨਾਂ ਨਾਲ ਇੱਜ਼ਤ ਮਿਲੇ ਤੇ ਪ੍ਰਭੂ ਦੀ ਦਰਗਾਹ ਤੇ ਵੀ ਪ੍ਰਵਾਨ ਹੋਈਏ।

ਉਹੀ ਬੋਲ ਸੁਚੱਜਾ ਹੈ,ਜਿਸਦੇ ਬੋਲਣ ਨਾਲ ਪਰਮਾਤਮਾ ਦੀ ਹਜ਼ੂਰੀ ਵਿ ਯੱਸ ਮਿਲਦਾ ਹੈ। ਹੇ ਮੂਰਖ ! ਮਨਾ ਫਿੱਕਾ ਬੋਲਿਆਂ ਖੁਆਰ ਹੀ ਹੋਈਦਾ ਹੈ । ਪ੍ਰਭੂ ਯਾਦ ਤੋਂ ਪਰੇ ਦੀਆਂ ਗੱਲਾਂ ਸਾਰੀ ਉਮਰ ਖੱਜਲ ਹੀ ਕਰਦੀਆਂ ਹਨ। "ਉਸਦੀ" ਸਿਫਤ ਸਲਾਹ ਤੋਂ ਬਿਨਾਂ ਸਾਰੀਆਂ ਗੱਲਾਂ ਵਿਅਰਥ ਹਨ। ਜਿਹੜੇ ਮਨੁੱਖ ਉਸ ਪਰਵਰਦਿਗਾਰ ਨਾਲ ਲਿਵ ਲਾ ਲੈਂਦੇ ਹਨ, ਉਹ ਉਸਦੇ ਪਿਆਰੇ ਬਣ ਜਾਂਦੇ ਹਨ।

ਸਿਰੀਰਾਗੁ ਮਹਲਾ ੧ ॥

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥ ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥ ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥ ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥ ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥ ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥ ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥ ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥ {ਪੰਨਾ 15-16}

- ਉਪਰੋਕਤ ਪਵਿੱਤਰ ਬਚਨ ਪਹਿਲੇ ਮਹਾਰਾਜ , ਗੁਰੂ ਨਾਨਕ ਦੇਵ ਸਾਹਿਬ ਦੇ ਰਚੇ ,ਸਿਰੀਰਾਗ ਤਹਿਤ ,ਗੁਰੂ ਗ੍ਰੰਥ ਸਾਹਿਬ ਵਿੱਚੋਂ ਲਏ ਗਏ ਹਨ।
- ਭਾਵ ਅਰਥ:-

ਦਾਤੇ ਨੇ ਮਨੁੱਖ ਨੂੰ ਸੰਸਾਰਿਕ ਜੀਵਨ,ਇੱਕ ਅਮਲ ਦੇ ਗੋਲੇ ਜਿਹਾ ਨਸ਼ਾ ਦਿੱਤਾ ਹੋਇਆ ਹੈ। ਇਸ ਨਸ਼ੇ ਨੇ ਉਸਦੀ ਮੌਤ ਭ੍ਰਸ਼ਟ ਕਰਕੇ ਭੁਲਾ ਦਿੱਤਾ ਹੈ ਕਿ ਉਹ ਬਹੁਤ ਥੋੜ ਚਿਰੀ ਇਸ ਜਗਤ ਭ੍ਰਮਣ ਲਈ ਆਇਆ ਹੈ ਤੇ ਰਸਾਂ ਕਸਾਂ ਵਿੱਚ ਗਲਤਾਨ ਹੈ। ਜਿਨਾਂ ਇਸ ਨਸ਼ੇ ਨੂੰ ਤਿਆਗਕੇ ,ਅਕਾਲ ਪੁਰਖ ਨਾਲ ਮਨ ਜੋੜ ਲਿਆ ਹੈ,ਉਨਾਂ ਉਸਨੂੰ ਸਜ਼ਾ ਲਈ ਹਾਸਿਲ ਕਰ ਲਿਆ।

ਹੇ ਨਾਨਕ ! ਉਸ ਸਦਾ ਥਿਰ ਰਹਿਣ ਵਾਲੇ ਦਾਤਾਰ ਨਾਲ ਨਾਤਾ ਬਣਾ ,ਜਿਸ ਦੇ ਸਿਮਰਣ ਨਾਲ ਸੁਖ ਹਾਸਿਲ ਹੁੰਦਾ ਹੈ।ਉਸ ਅੱਗੇ ਅਰਦਾਸ ਕਰ ਕੇ ਵਾਹਿਗੁਰੂ ਆਪਣਾ ਨਾਮ ਦੇਅ ,ਤਾਂਕਿ ਤੇਰੀ ਹਜ਼ੂਰੀ ਵਿੱਚ ਤੇਰਾ ਆਦਰ ਮਿਲ ਸਕੇ॥ਰਹਾਉ ॥ ਸਦਾ ਦੀ ਮਸਤੀ ਦੇਣ ਵਾਲੀ ਸ਼ਰਾਬ, ਬਿਨਾਂ ਗੁੜ ਤੋਂ ਤਿਆਰ ਕਰ ,ਇਸ ਵਿੱਚ ਪ੍ਰਭੂ ਦਾ ਨਾਨਾਮ ਹੁੰਦਾ ਹੈ,ਜੋ ਦੁਨੀਆਂ ਵੱਲੋਂ ਬੇਪਰਵਾਹ ਕਰ ਦਿੰਦਾ ਹੈ। ਮੈਂ ਉਨਾਂਨੂੰ ਹੀ ਚੰਗੇ ਮਨੁੱਖ ਜਾਣਦਾ ਹਾਂ,ਜੋ ਨਾਮ ਰਸ ਪੀ ਕੇ ਮਸਤ ਰਹਿੰਦੇ ਹਨ ਤੇ ਇਹ ਉਦੋਂ ਹੀ ਹੋ ਸਕਦਾ,ਜਦੋਂ ਮਨ ਨੂੰ ਉਸਦੀ ਸਿਮ੍ਰਿਤਿ ਦੀ ਆਦਤ ਪੈ ਜਾਵੇ। ਨਿਰੰਕਾਰ ਦੀ ਸਿਫਤ ਸਲਾਹ ਹੀ ਸਭਤੋਂ ਵਧੀਆ ਦਾਤ ਹੈ,ਤੇ ਇਸ ਵਿੱਚ ਰਚਕੇ ਇਨਸਾਨ ਸੁੰਦਰ ਹੋ ਜਾਂਦੇ ਹਨ। ਇਹੀ ਉਜਲਾ ਕਰਨ ਲਈ ਪਾਣੀ ਹੈ ,ਇਹੀ ਸ਼ਰੀਰ ਉੱਤੇ ਲਾਉਣ ਲਈ ਸੁਗੰਧੀ ਹੈ। ਸੁਖਾਂ ਲਈ ਅਰਦਾਸ ਤੇ ਦੁਖਾਂ ਦੀ ਨਵਿਰਤੀ ਲਈ ਅਰਜੋਈ ਉਸੇ ਅੱਗੇ ਕੰਮ ਆਉਂਦੀ ਹੈ।

ਜਿਸ ਦਾਤੇ ਨੇ ਇਹ ਉੱਤਮ ਜੂਨ ਬਖਸ਼ੀ ਹੈ , ਉਸਨੂੰ ਭੁੱਲ ਕੇ ਵੀ ਨਹੀਂ ਭੁੱਲਣਾ ਚਾਹੀਦਾ। ਹੋਰ ਸਾਰੀਆਂ ਚੀਜ਼ਾਂ ਨਾਸਵੰਤ ਹਨ , ਪ੍ਰਭੂ ਨੂੰ ਵਿਸਾਰ ਕੇ ,ਮਨ ਦੂਜੇ ਭਾਵਾਂ ,ਮਤਲਬ ਮਾਇਆ ਜਾਲ ਵਿੱਚ ਧਸਦਾ ਜਾਂਦਾ ਹੈ । ਹੇ ਦਾਤਾਰ ! ਉਹੀ ਉੱਦਮ ਸੁਚੱਜਾ ਹੈ,ਜੋ ਤੇਰੇ ਨਾਲ ਜੋੜਦਾ ਹੈ।

**ਅੰਗ -16**

ਸਿਰੀਰਾਗੁ ਮਹਲੁ ੧ ॥

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥ ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥ ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥ ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥ ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥ {ਪੰਨਾ 16}

- ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਚਿਆ ਸ਼ਬਦ ,ਸਿਰੀਰਾਗ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 16 ਉਪਰ ਸੁਸ਼ੋਭਿਤ ਹੈ।
- ਭਾਵ ਅਰਥ:-

ਹੇ ਭਾਈ ! ਮੋਹ ਮਾਇਆ ਨੂੰ ਸਾੜਕੇ,, ਉਸਨੂੰ ਘਸਾਕੇ ,ਸਿਆਹੀ ਬਣਾ , ਆਪਣੀ ਅਕਲ ਨੂੰ ਕਾਗਜ਼ ਬਣਾ ,ਭਾਉ ਨੂੰ ਕਲਮ ਬਣਾਕੇ, ਗੁਰੂ ਨਾਲ ਵਿਚਾਰ ਚਰਚਾ ਕਰਕੇ,ਸੋਚ ਵਰਤਕੇ ਅਕਾਲ ਪੁਰਖ ਦੀ ਉਸਤਤਿ ਦੇ ਲੇਖ ਲਿਖਣੇ ਕਰ । ਉਸ ਉੱਤਮ ਪੁਰਖ ਦੀ ਸਿਫਤ ਸਲਾਹ ਦੇ ਸ਼ਬਦ ਲਿਖ,ਉਹ ਸਿਫਤ ਸਲਾਹ ਜਿਸਦਾ ਕੋਈ ਅੰਤ ਨਹੀਂ । ਹੇ ਭਾਈ ! ਇਹ ਲਿਖਣੀ ਹੀ ਉਸ ਦਾਤੇ ਦੇ ਨਾਮ ਦੀ ਅਸਲੀ ਸਿਫਤ ਸਲਾਹ ਹੈ। ਧਰਮਰਾਜ ਸਨਮੁੱਖ ਇਹੀ ਲੇਖ ਪੇਸ਼ ਕੀਤੇ ਜਾਣਗੇ। ਇਨਾਂ ਨੇ ਤੇਰੇ ਕਰਮਾਂ ਦੀ ਸ਼ਾਹਦੀ ਦੇਣੀ ਹੈ॥ ਫਿਹ ਇਸੇ ਨੇ ਚਿਰਜੀਵੀ, ਵਡਿਆਈਆਂ ਤੇ ਖੁਸ਼ੀਆਂ ਪ੍ਰਦਾਨ ਕਰਨਗੀਆਂ ਹਨ।

ਜਿਹਨੇ ਸੱਚੇ ਨਾਮ ਦੀ ਧਿਆਵਨਾ ਕੀਤੀ,ਉਸੇ ਦਾ ਨਾਮ ਵੱਖਰੇ ਤੌਰ ਤੇ ਗਿਣਿਆ ਜਾਵੇਗਾ। ਪਰ ਪ੍ਰਭੂ ਦਾ ਨਾਮ ਮਿਹਰ ਨਾਲ ਹੀ ਮਿਲਦਾ ਹੈ , ਐਵੇਂ ਹਵਾ ਵਿੱਚ ਗੱਲਾਂ ਕੀਤਿਆਂ ਨਹੀਂ ਮਿਲਦਾ।

ਇਸ ਸੰਸਾਰ ਵਿੱਚ ਤਰਾਂ ਤਰਾਂ ਦੇ ਜੀਵ ਆਉਂਦੇ ਹਨ ,ਕਈ ਮੁਫਲਿਸੀ ਦੇ ਮਾਰੇ ਤੇ ਕਈਆਂ ਦੇ ਨਾਮ ਨਾਲ ਸਰਦਾਰ ਲੱਗਿਆ ਹੁੰਦਾ ਹੈ ,ਕਈਆਂ ਦੇ ਦਰਬਾਰ ਸੱਜਦੇ ਹਨ ,ਪਰ ਅੰਤ ਨੂੰ ਸਾਰੇ ਹੀ ਆਪਣੀ ਫੇਰੀ ਪੂਰੀ ਕਰਕੇ ਤੁਰ ਜਾਂਦੇ ਹਨ। ਅੰਤਲੇ ਸਮੇਂ ਸਭਨੂੰ ਸਮਝ ਆਉਂਦੀ ਹੈ, ਪਰਮਾਤਮਾ ਦੀ ਭਗਤੀ ਜੀਵਨ ਲਈ ਪਹਿਲੀ ਚੀਜ਼ ਸੀ ਤੇ ਅਸੀਂ ਜੀਵਨ ਵਿਅਰਥ ਹੀ ਗਵਾ ਚਲੇ ਹਾਂ।

ਹੇ ਨਾਨਕ ! ਪਰਮਾਤਮਾ ਤੋਂ ਦੂਰੀ ਬਣਾਕੇ ਰਹਿਣ ਨਾਲ ,ਦੁਨੀਆਂ ਦਾ ਤੌਖਲਾ ਚੈਨ ਨਹੀਂ ਲੈਣ ਦਿੰਦਾ। ਇਸ ਸਥਿਤੀ ਕਾਰਨ ਸਰੀਰ ਢਹਿੰਦੀ ਕਲਾ ਵੱਲ ਤੇਜ਼ੀ ਨਾਲ ਵਧਦਾ ਹੈ। ਤੇਰੀ ਯਾਦ ਬਿਨਾਂ ਮਾਇਆ ਦਾ ਵੀ ਕੋਈ ਸੁਖ ਨਹੀਂ। ਜਿਨਾਂ ਦੇ,ਜਿਉਂਦਿਆਂ ਵੱਡੇ ਵੱਡੇ ਨਾਂਅ,ਖਾਨ,ਸਰਦਾਰ,ਸੁਲਤਾਨ, ਚੌਧਰੀ ਵਜਦੇ ਸਨ,ਅੰਤ ਸਭ ਮਿੱਟੀ ਵਿੱਚ ਰਲ ਕੇ ਮਿੱਟੀ ਹੋ ਗਏ। ਅੰਤ ਸਾਰੇ ਮੋਹ ਪਿਆਰ ਕਰੇ ਦੇ ਧਰੇ ਦੇ ਧਰੇ ਰਹਿ ਜਾਂਦੇ ਹਨ।

ਸਿਰੀਰਾਗੁ ਮਹਲਾ ੧ ॥ ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥ ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥ ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥ ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥ ਪੰਨਾ {੧੬-੧੭}

ਭਾਵ ਅਰਥ :-

ਦੇ ਮਨ ਪਰਮਾਤਮਾ ਦੇ ਨਾਮ ਨਾਲ ਪਰਚ ਜਾਵੇ ਤਾਂ ਇਸਨੂੰ ਦੁਨੀਆਂ ਦੇ ਸਭ ਤੋਂ ਵਧੀਆ ਸਵਾਦ ਮੰਨੋ। ਜੇ ਸੁਰਤ ਅਜੇ ਹਰਿ ਜੀ ਯਾਦ ਨਾਲ ਜੁੜਨਾ ਸ਼ੁਰੂ ਕਰੇ ਤਾਂ ਇਸ ਨੂੰ ਸਲੂਣੇ ਸਵਾਦ ਮੰਨੋ। ਸਿਰਫ ਮੂੰਹ ਨਾਲ ਨਾਮ ਉਚਾਰਨ ਨੂੰ ਖੱਟੇ, ਸਿਫਤ ਸਲਾਹ ਨੂੰ ਮਸਾਲੇ,ਉਸ ਨਾਲ ਇੱਕ ਰਸ ਹੋਣ ਨੂੰ ਸੱਚੀ ਪ੍ਰਕਾਰ ਦੇ ਭੋਜਨ ਸਮਝੋ ,ਪਰ ਇਹ ਉੱਚੀ ਜਾਤ ਤਾਂ ਹੀ ਮਿਲਦੀ ਹੈ,ਜੇ ਉਸਦੀ ਮਿਹਰ ਭਰੀ ਨਜ਼ਰ ਹੋ ਜਾਵੇ।

ਹੇ ਭਾਈ ਜਿਨਾਂ ਪਦਾਰਥਾਂ ਦੀ ਵਰਤੋਂ ਨਾਲ ਸਰੀਰਕ ਰੋਗ ਲੱਗ ਜਾਂਦੇ ਹਨ ਤੇ ਮਨ ਗਲਤ ਰਸਤੇ ਵੱਲ ਭਟਕ ਜਾਂਦਾ ਹੈ ਉਨਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਪ੍ਰਭੂ ਪ੍ਰੀਤ ਵਿੱਚ ਰੰਗਿਆ ਮਨ ,ਮਾਨੋ,ਲਾਲ ਪੁਸਾਕ,ਦਾਨ ਪੁੰਨ,ਚਿੱਟੀ ਪੁਸ਼ਾਕ,ਮਨ ਚੋਂ ਮੈਲ ਕੱਢ ਦੇਣੀ ਨੀਲੀ ਪੁਸਾਕ ਤੇ ਪ੍ਰਭ ਚਰਨਾਂ ਦਾ ਧਿਆਨ ਤੇਰਾ ਚੋਗਾ ਹੈ । ਹੇ ਭਾਈ !ਜਿਸ ਪਹਿਰਾਵੇ ਨਾਲ ਮਨ ਦੇ ਖਿਆਲ ਗਲਤ ਪਾਸੇ ਤੁਰ ਪੈਣ,ਉਨਾਂ ਤੋਂ ਦੂਰੀ ਹੀ ਠੀਕ।

ਹੇ ਪ੍ਰਭੂ ਆਪਦੀ ਦੀ ਲਗਨ ਵਿੱਚ ਜੁੜਿਆ ਹੋਇਆ ਜੀਵਨ ਮੇਰੇ ਲਈ ਸੋਨੇ ਦੀ ਜੁੱਤੀ ਵਾਲੇ,ਸੁਹਣੀ ਕਾਠੀ ਨਾਲ ਸਜੇ ਘੋੜੇ ਦੀ ਸਵਾਰੀ ਹੈ। ਤੇਰੀ ਸਿਫਤ ਸਲਾਹ ਵਿੱਚ ਜੁੜੇ ਰਹਿਣਾ ਮੇਰੇ ਲਈ ,ਭੋਥਾ,ਨੇਜ਼ੇ,ਤੀਰ ਕਮਾਨ,ਬਰਛੀ,ਤੀਰ ਤਲਵਾਰ ਤੇ ਗਾਤਰਾ ਹਨ। ਮੇਰੀ ਪੱਤ ਨੇਜ਼ੇ ਤੇ ਖਵਾਜੇ ਹਨ,ਤੇਰੀ ਕਿਰਪਾ ਮੇਰੇ ਲਈ ਘੋੜੇ ਦੀ ਸੁੰਦਰ ਕਾਠੀ ਹੈ।

ਹੇ ਭਾਈ ! ਜਿਸ ਘੁੜਸਵਾਰੀ ਨਾਲ ਮਨ ਵਿੱਚ ਅਹੰਕਾਰ ਪੈਦਾ ਹੋਣ, ਉਹ ਘੁੜਸਵਾਰੀ ਬੇਅਰਥ ਹੈ। ਹੇ ਦਾਤਾ !ਤੇਰੇ ਨਾਮ ਤੋਂ ਮਿਲੀ ਖੁਸ਼ੀ ,ਮੇਰੇ ਲਈ ਮਹਿਲ ਮਾੜੀਆਂ,ਤੇਰੀ ਮਿਹਰ ,ਮੇਰਾ ਪਰਿਵਾਰ ਹੈ ,ਤੇਰੀ ਰਜ਼ਾ ਵਿੱਚ ਰਾਜ਼ੀ ਰਹਿਣਾ, ਲੋਕਾਂ ਤੋਂ ਆਪਣਾ ਹੁਕਮ ਮਨਾਉਣ ਦੇ ਬਰਾਬਰ ਹੈ। ਹੇ ਨਾਨਕ,ਅਜਿਹੇ ਜੀਵਨ ਵਾਲੇ ਮਨੁੱਖ ਦੀ ਰੱਬ ਜ਼ਿਆਦਾ ਪੁੱਛ ਪੜਤਾਲ ਨਹੀਂ ਕਰਦਾ।

ਹੇ ਭਾਈ ! ਪਰਮਾਤਮਾ ਦੀ ਬੰਦਗੀ ਵਾਲਾ ਜੀਵਨ ਛੱਡਕੇ, ਐਸ਼ੋ ਇਸ਼ਰਤ ਦਾ ਜੀਵਨ ਖੁਆਰੁ ਕਰਦਾ ਹੈ,ਰੋਗੀ ਬਣਾਉਂਦਾ ਹੈ। ਰਹਾਉ



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





**1003 Moffat Blvd,
Manteca CA 95336**

# 209-239-1551

# Chevron TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

ਇਥੇ
ਪੰਜਾਬੀ ਰੈਸਟੋਰੈਂਟ
ਵੀ ਹੈ ਅਤੇ ਹਰ ਵੇਲੇ
ਪੰਜਾਬੀ ਖਾਣਾ ਮਿਲਦਾ ਹੈ।

(Or $9 off Chevron In-Store Purchase)

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668

# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348

# ਨਸ਼ਿਆਂ ਦੇ ਖਾਤਮੇ ਲਈ ਸਾਂਝੇ ਹੰਭਲੇ ਦੀ ਲੋੜ: ਡਿਪਟੀ ਕਮਿਸ਼ਨਰ

## ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹਾ ਪੱਧਰੀ ਸਮਾਗਮ

ਬਰਨਾਲਾ
ਅਸ਼ੋਕ ਪੁਰੀ

ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਕਿਸੇ ਇਕ ਵਿਅਕਤੀ ਜਾਂ ਅਦਾਰੇ ਵਲੋਂ ਨਹੀਂ ਬਲਕਿ ਸਾਂਝੇ ਤੌਰ 'ਤੇ ਹੰਭਲਾ ਮਾਰਨ ਦੀ ਲੋੜ ਹੈ।ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਆਈ ਏ ਐੱਸ ਨੇ ਇੱਥੇ ਵਾਈ ਐੱਸ ਕਾਲਜ ਵਿਚ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਕਰਵਾਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੀਤਾ।ਇਸ ਮੌਕੇ ਉਨ੍ਹਾਂ ਦੱਸਿਆ ਕਿ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਿੰਡਾਂ ਪੱਧਰ, ਸ਼ਹਿਰ ਪੱਧਰ ਇਥੋਂ ਤਕ ਕਿ ਵਾਰਡ ਪੱਧਰ 'ਤੇ ਜਾਗਰੂਕਤਾ ਗਤੀਵਿਧੀਆਂ ਕਰਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਪੁਲੀਸ ਵਲੋਂ ਵੀ ਨਸ਼ਿਆਂ ਖ਼ਿਲਾਫ਼ ਸਖ਼ਤੀ ਵਰਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਾਪੇ ਆਪਣੇ ਬੱਚਿਆਂ ਦਾ ਪੂਰਾ ਧਿਆਨ ਰੱਖਣ ਅਤੇ ਇਸ 'ਤੇ ਗੌਰ ਕਰਨ ਕਿ ਬੱਚਿਆਂ ਦੇ ਸੁਭਾਅ ਵਿੱਚ ਕੋਈ ਤਬਦੀਲੀ ਤਾਂ ਨਹੀਂ ਆ ਰਹੀ।ਉਨ੍ਹਾਂ ਕਿਹਾ ਕਿ ਆਮ ਲੋਕ ਨਸ਼ਿਆਂ ਵਿਰੁੱਧ ਸੂਚਨਾ ਪ੍ਰਸ਼ਾਸਨ ਜਾਂ ਪੁਲੀਸ ਨੂੰ ਦੇ ਸਕਦੇ ਹਨ, ਉਨ੍ਹਾਂ ਦੀ ਪਛਾਣ ਗੁਪਤ ਰੱਖੀ ਜਾਵੇਗੀ।

ਇਸ ਮੌਕੇ ਵਾਈ ਐੱਸ ਕਾਲਜ ਦੇ ਪ੍ਰਿੰਸੀਪਲਗੁਰਪਾਲ ਰਾਣਾ ਨੇ ਸਵਾਗਤੀ ਸ਼ਬਦ ਸਾਂਝੇ ਕਰਦੇ ਹੋਏ ਕਿਹਾ ਕਿ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਵਿਦਿਅਕ ਸੰਸਥਾਵਾਂ ਵੀ ਇਸ ਮੁਹਿੰਮ ਵਿਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ।ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਤੇਅਵਾਸਪ੍ਰੀਤ ਕੌਰ ਨੇ ਕਿਹਾ ਕਿ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਪਹਿਲੀ ਅਗਸਤ ਤੋਂ 31 ਅਗਸਤ ਤੱਕ ਨਸ਼ਿਆਂ ਵਿਰੁੱਧ ਲਗਾਤਾਰ ਜਾਗਰੂਕਤਾ ਗਤੀਵਿਧਿਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤਹਿਤ ਜਿੱਥੇ ਸਕੂਲਾਂ/ਕਾਲਜਾਂ ਵਿੱਚ ਜਾਗਰੂਕਤਾ ਸੈਮੀਨਾਰ ਜਾਰੀ ਹਨ। ਉਨ੍ਹਾਂ ਹਾਜ਼ਰੀਨ ਨੂੰ ਨਸ਼ਾ ਮੁਕਤੀ ਦਾ ਪ੍ਰਣ ਵੀ ਦਿਵਾਇਆ।




ਇਸ ਮੌਕੇ ਸੰਬੋਧਨ ਕਰਦੇ ਹੋਏ ਮਨੋਰੋਗ ਮਾਹਿਰ ਡਾਕਟਰ ਗਗਨ ਸੇਖੋਂ ਵਲੋਂ ਵੱਖ ਵੱਖ ਤਰ੍ਹਾਂ ਦੇ ਨਸ਼ਿਆਂ ਦੇ ਸਿਹਤ ਉੱਤੇ ਬੁਰੇ ਪ੍ਰਭਾਵਾਂ ਅਤੇ ਇਸ ਮਾਨਸਿਕਤਾ ਵਿਚੋਂ ਬਾਹਰ ਆਉਣ ਦੇ ਹੱਲ 'ਤੇ ਗੱਲ ਕੀਤੀ ਗਈ।

ਇਸ ਮੌਕੇ ਕ੍ਰਾਂਤੀ ਕਲਾ ਮੰਚ ਮੋਗਾ ਦੀ ਟੀਮ ਨੇ ਨਸ਼ਿਆਂ ਵਿਰੁੱਧ ਨਾਟਕ 'ਫੁੱਲਾਂ ਦਾ ਰੰਗ ਕਾਲਾ' ਵੀ ਖੇਡਿਆ। ਇਸ ਤੋਂ ਇਲਾਵਾ ਸਕੂਲੀ ਵਿਦਿਆਰਥੀਆਂ ਦੇ ਪੋਸਟਰ, ਕੁਇਜ਼ ਅਤੇ ਲੇਖ ਮੁਕਾਬਲੇ ਵੀ ਕਰਵਾਏ ਗਏ ਅਤੇ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।ਇਸ ਤੋਂ ਇਲਾਵਾ ਵਾਈ ਐੱਸ ਅਦਾਰੇ ਦੇ 20 ਦੇ ਕਰੀਬ ਵਿਦਿਆਰਥੀਆਂ ਨੇ ਨਸ਼ਿਆਂ ਵਿਰੁੱਧ ਸਲੋਗਨ ਵੀ ਲਿਖੇ, ਜਿਨ੍ਹਾਂ ਦਾ ਸਨਮਾਨ ਡਿਪਟੀ ਕਮਿਸ਼ਨਰ ਵਲੋਂ ਕੀਤਾ ਗਿਆ।ਵਿਦਿਆਰਥੀਆਂ ਵਲੋਂ ਨਸ਼ਿਆਂ ਵਿਰੁੱਧ ਭਾਸ਼ਣ ਅਤੇ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ।ਇਸ ਮੌਕੇ ਮੁੱਖ ਮਹਿਮਾਨ ਵਲੋਂ ਇਸ ਮੁਹਿੰਮ ਵਿਰੁੱਧ ਅਦਾਰੇ ਦੇ ਵਿਹੜੇ ਵਿਚ ਪੌਦਾ ਵੀ ਲਾਇਆ ਗਿਆ ਅਤੇ ਹਾਜ਼ਰੀਨ ਵਿਦਿਆਰਥੀਆਂ ਨੂੰ ਨਸ਼ਾ ਮੁਕਤੀ ਸਲੋਗਨ ਵਾਲੀਆਂ ਟੋਪੀਆਂ ਅਤੇ ਕੱਪ ਵੰਡੇ ਗਏ।

ਇਸ ਮੌਕੇ ਵਾਈ ਐੱਸ ਸਕੂਲ ਪ੍ਰਿੰਸੀਪਲ ਮੋਹਿਤ ਜਿੰਦਲ ਨੇ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਸਾਰਿਆਂ ਨੂੰ ਨਸ਼ਿਆਂ ਵਿਰੁੱਧ ਡਟਣ ਦਾ ਸੁਨੇਹਾ ਦਿੱਤਾ।ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਬਰਜਿੰਦਰਪਾਲ ਸਿੰਘ, ਸਮਾਜ ਸੇਵੀ ਰਾਜੇਸ਼ ਭੁਟਾਨੀ, ਸੇਵਾਮੁਕਤ ਕਾਨੂੰਗੋ ਉਜਾਗਰ ਸਿੰਘ, ਸਿਵਲ ਡਿਫੈਂਸ ਮੈਂਬਰ, ਸੀਨੀਅਰ ਪ੍ਰੋਗਰੈਸਿਵ ਸੋਸਾਇਟੀ ਦੇ ਮੈਂਬਰ, ਸਕੂਲ ਵਿਦਿਆਰਥੀ, ਸਟਾਫ਼ ਤੇ ਮਾਪੇ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਕਿਸਾਨਾਂ ਦੀ ਗੱਲ ਮੰਨੀ, ਲੈਂਡ ਪੂਲਿੰਗ ਨੀਤੀ ਵਾਪਸ ਲਈ: ਹਰਦੀਪ ਸਿੰਘ ਮੁੰਡੀਆ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸ਼ੁਰੂ ਤੋਂ ਹੀ ਕਿਸਾਨਾਂ ਦੀ ਸਰਕਾਰ ਰਹੀ ਹੈ, ਜਿਸ ਨੇ ਹਮੇਸ਼ਾਂ ਕਿਸਾਨਾਂ ਦੇ ਹਿੱਤਾਂ ਨੂੰ ਆਪਣੀ ਪਹਿਲ ਬਣਾਇਆ ਹੈ। ਚਾਹੇ ਕਿਸਾਨਾਂ ਦੀ ਕਰਜ਼ ਮਾਫੀ ਹੋਵੇ, ਫਸਲਾਂ ਲਈ ਵਧੀਆ ਭਾਅ ਦੀ ਲੜਾਈ ਹੋਵੇ, ਸਿੰਚਾਈ ਸਹੂਲਤਾਂ ਦਾ ਵਾਧਾ ਹੋਵੇ ਜਾਂ ਬਿਜਲੀ ਬਿੱਲਾਂ ਵਿੱਚ ਰਾਹਤ, ਹਰ ਕਦਮ ਕਿਸਾਨਾਂ ਦੀ ਭਲਾਈ ਲਈ ਹੀ ਚੁੱਕਿਆ ਗਿਆ ਹੈ।ਮੁੰਡੀਆ ਨੇ ਕਿਹਾ ਕਿ ਇਸੇ ਸੋਚ ਦੇ ਤਹਿਤ ਲੈਂਡ ਪੂਲਿੰਗ ਨੀਤੀ 2025 ਵੀ ਬਣਾਈ ਗਈ ਸੀ, ਜਿਸ ਦਾ ਮਕਸਦ ਕਿਸਾਨਾਂ ਨੂੰ ਵਿਕਾਸ ਵਿੱਚ ਸਿੱਧਾ ਹਿੱਸੇਦਾਰ ਬਣਾਉਣਾ, ਉਨ੍ਹਾਂ ਦੀ ਜ਼ਮੀਨ ਦੀ ਕੀਮਤ ਕਈ ਗੁਣਾ ਵਧਾਉਣਾ ਅਤੇ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ ਨਾਲ ਜੋੜਨਾ ਸੀ। ਇਸ ਦੇ ਨਾਲ ਹੀ ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਵਿਕਾਸ ਤਾਂ ਹੀ ਅਸਲ ਹੁੰਦਾ ਹੈ ਜਦੋਂ ਕਿਸਾਨ ਖੁਸ਼ ਅਤੇ ਸੰਤੁਸ਼ਟ ਹੁੰਦੇ ਹਨ। ਜੇ ਕਿਸੇ ਨੀਤੀ 'ਤੇ ਕਿਸਾਨਾਂ ਵਿੱਚ ਅਸਹਿਮਤੀ ਹੈ, ਤਾਂ ਉਸਨੂੰ ਧੱਕੇ ਨਾਲ ਲਾਗੂ ਕਰਨਾ ਜਨਹਿੱਤ ਅਤੇ ਲੋਕਤੰਤਰਕ ਸਿਧਾਂਤਾਂ ਦੇ ਖਿਲਾਫ਼ ਹੈ। ਇਸ ਕਰਕੇ ਸਰਕਾਰ ਨੇ ਕਿਸਾਨਾਂ ਦੀ ਰਾਇ ਨੂੰ ਸਰਵੋਤਮ ਮੰਨਦਿਆਂ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦਾ ਵੱਡਾ ਅਤੇ ਇਤਿਹਾਸਕ ਫ਼ੈਸਲਾ ਲਿਆ ਹੈ।ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਇਹ ਕਦਮ ਸਾਬਤ ਕਰਦਾ ਹੈ ਕਿ ਪੰਜਾਬ ਸਰਕਾਰ ਲਈ ਕਿਸਾਨ ਸਿਰਫ਼ ਵੋਟ ਦੇਣ ਵਾਲੇ ਨਹੀਂ, ਸਗੋਂ ਪਰਿਵਾਰ ਦਾ ਹਿੱਸਾ ਹਨ। ਜਦੋਂ ਪਰਿਵਾਰ ਦਾ ਕੋਈ ਮੈਂਬਰ ਅਸੰਤੁਸ਼ਟ ਹੋਵੇ, ਤਾਂ ਉਸਦੀ ਗੱਲ ਸੁਣ ਕੇ ਫ਼ੈਸਲਾ ਬਦਲਣਾ ਹੀ ਅਸਲੀ ਸੇਵਾ ਅਤੇ ਸੰਵੇਦਨਸ਼ੀਲ ਲੀਡਰਸ਼ਿਪ ਦੀ ਪਛਾਣ ਹੈ। ਅੱਜ ਸਰਕਾਰ ਨੇ ਦਿਖਾ ਦਿੱਤਾ ਕਿ ਉਹ ਜ਼ਿੱਦ ਦੀ ਨਹੀਂ, ਸਗੋਂ ਭਰੋਸੇ ਅਤੇ ਹਿੱਸੇਦਾਰੀ ਦੀ ਰਾਜਨੀਤੀ ਕਰਦੀ ਹੈ।ਮੁੰਡੀਆ ਨੇ ਕਿਹਾ ਕਿ ਇਸ ਫ਼ੈਸਲੇ ਦੇ ਪਿੱਛੇ ਇੱਕ ਸਾਫ਼ ਸੰਦੇਸ਼ ਹੈ ਪੰਜਾਬ ਦਾ ਹਰ ਕਿਸਾਨ ਨਿਸ਼ਚਿੰਤ ਰਹੇ ਕਿ ਉਸਦੀ ਜ਼ਮੀਨ, ਉਸਦਾ ਹੱਕ ਅਤੇ ਉਸਦੀ ਮਿਹਨਤ ਦੀ ਕਮਾਈ ਪੂਰੀ ਤਰ੍ਹਾਂ ਸੁਰੱਖਿਅਤ ਹੈ। ਕਿਸੇ ਵੀ ਯੋਜਨਾ ਨੂੰ ਕਿਸਾਨਾਂ ਦੀ ਸਹਿਮਤੀ ਅਤੇ ਭਾਗੀਦਾਰੀ ਤੋਂ ਬਿਨਾਂ ਲਾਗੂ ਨਹੀਂ ਕੀਤਾ ਜਾਵੇਗਾ। ਇਹ ਸਿਰਫ਼ ਇੱਕ ਨੀਤੀ ਵਾਪਸੀ ਨਹੀਂ, ਸਗੋਂ ਕਿਸਾਨਾਂ ਨਾਲ ਭਰੋਸੇ, ਸਤਿਕਾਰ ਅਤੇ ਭਾਗੀਦਾਰੀ ਦੇ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ਦਾ ਸੰਕਲਪ ਹੈ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਪੰਜਾਬੀਅਤ ਦੀ ਅਸਲੀ ਪਛਾਣ ਮਿੱਟੀ, ਮਿਹਨਤ ਅਤੇ ਮਾਣ ਨੂੰ ਬਚਾਉਣ ਵਿੱਚ ਹੈ। ਕਿਸਾਨਾਂ ਦੀ ਖੁਸ਼ਹਾਲੀ ਹੀ ਪੰਜਾਬ ਦੀ ਖੁਸ਼ਹਾਲੀ ਹੈ, ਅਤੇ ਇਹੀ ਸੂਬਾ ਸਰਕਾਰ ਦਾ ਸਭ ਤੋਂ ਵੱਡਾ ਟੀਚਾ ਹੈ।

# ਸੁਤੰਤਰਤਾ ਦਿਵਸ ਤੋਂ ਪਹਿਲਾਂ ਡੀਜੀਪੀ ਵੱਲੋਂ ਪੰਜਾਬ 'ਚ ਅੱਤਵਾਦ ਵਿਰੋਧੀ ਰਣਨੀਤੀਆਂ ਦੀ ਸਮੀਖਿਆ

## ਸੂਬੇ ਭਰ ਵਿੱਚ ਸੁਰੱਖਿਆ ਵਿੱਚ ਵਾਧਾ ਕਰਨ ਅਤੇ ਉੱਚ-ਪੱਧਰੀ ਨਾਕੇ ਲਗਾਉਣ ਦੇ ਨਿਰਦੇਸ਼

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਹੁਕਮਾਂ ਅਨੁਸਾਰ ਆਗਾਮੀ ਸੁਤੰਰਤਾ ਦਿਵਸ-2025 ਦੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਪੁਲਿਸ ਬਲ ਨੂੰ ਮੌਜੂਦਾ ਸੁਰੱਖਿਆ ਵਿਵਸਥਾ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਅੱਤਵਾਦ ਵਿਰੋਧੀ ਰਣਨੀਤੀਆਂ ਦੀ ਸਮੀਖਿਆ ਕੀਤੀ। ਇਸ ਦੇ ਨਾਲ ਹੀ ਉਹਨਾਂ ਨੇ ਸਰਹੱਦੀ ਸੂਬੇ ਵਿੱਚ ਕਿਸੇ ਵੀ ਕਾਨੂੰਨ ਵਿਵਸਥਾ ਦੀ ਉਲੰਘਣਾ ਨੂੰ ਰੋਕਣ ਲਈ ਅੰਤਰ-ਜ਼ਿਲ੍ਹਾ ਤਾਲਮੇਲ, ਉੱਚ-ਪੱਧਰੀ ਨਾਕਿਆਂ ਅਤੇ ਹਰ ਸਮੇਂ ਨਿਗਰਾਨੀ ਕਰਨ ਦੇ ਨਿਰਦੇਸ਼ ਜਾਰੀ ਕੀਤੇ।ਡੀਜੀਪੀ ਪੰਜਾਬ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੇ ਕਮਿਸ਼ਨਰਾਂ ਅਤੇ ਪੁਲਿਸ ਰੇਂਜਾਂ ਸਰਹੱਦੀ, ਜਲੰਧਰ, ਲੁਧਿਆਣਾ ਅਤੇ ਰੋਪੜ ਦੇ ਅਧਿਕਾਰੀਆਂ ਨਾਲ ਕਾਨੂੰਨ-ਵਿਵਸਥਾ ਸਬੰਧੀ ਸਮੀਖਿਆ ਮੀਟਿੰਗਾਂ ਅਤੇ ਆਊਟਰੀਚ ਸੈਸ਼ਨਾਂ ਦੀ ਪ੍ਰਧਾਨਗੀ ਕਰਨ ਲਈ ਦੌਰੇ 'ਤੇ ਸਨ। ਉਨ੍ਹਾਂ ਨੇ ਸੂਬੇ ਵਿੱਚ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਅਤੇ ਗੈਂਗਸਟਰਾਂ ਅਤੇ ਸੰਗਠਿਤ ਅਪਰਾਧ ਵਿਰੁੱਧ ਕਾਰਵਾਈ ਦਾ ਵੀ ਜਾਇਜ਼ਾ ਲਿਆ।ਨਸ਼ਿਆਂ ਦੇ ਖਿਲਾਫ ਜ਼ੀਰੋ-ਸਹਿਣਸ਼ੀਲਤਾ ਰਵੱਈਏ ਦੀ ਪੁਸ਼ਟੀ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਐਨਡੀਪੀਐਸ ਐਕਟ ਨੂੰ ਸਖ਼ਤ, ਪਾਰਦਰਸ਼ੀ ਅਤੇ ਬਿਨਾਂ ਕਿਸੇ ਸਮਝੌਤੇ ਦੇ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਪ੍ਰਗਤੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਸੂਬੇ ਵਿੱਚੋਂ ਨਸ਼ਿਆਂ ਦਾ ਜੜ੍ਹੋਂ ਖ਼ਾਤਮਾ ਕਰਨ ਲਈ ਨਸ਼ਾ ਵਿਰੋਧੀ ਮੁਹਿੰਮ ਨੂੰ ਹੋਰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਅਧਿਕਾਰੀਆਂ ਨੂੰ ਐਨਡੀਪੀਐਸ ਐਕਟ ਦੀ ਧਾਰਾ 68-ਐਫ ਤਹਿਤ ਵਿੱਤੀ ਢੰਗ ਨਾਲ ਜਾਂਚ ਕਰਨ ਅਤੇ ਹਵਾਲਾ ਸੰਚਾਲਕਾਂ ਵਿਰੁੱਧ ਕਾਰਵਾਈ ਕਰਕੇ ਨਸ਼ਾ ਤਸਕਰੀ ਦੇ ਸਮੁੱਚੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਵੀ ਕਿਹਾ।ਆਗਾਮੀ ਸੁਤੰਤਰਤਾ ਦਿਵਸ ਤੋਂ ਪਹਿਲਾਂ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡੀਜੀਪੀ ਗੌਰਵ ਯਾਦਵ ਨੇ ਸਾਰੇ ਸੀਪੀਜ਼, ਐਸਐਸਪੀਜ਼ ਨੂੰ ਸਾਰੀਆਂ ਮਹੱਤਵਪੂਰਨ ਥਾਵਾਂ 'ਤੇ ਪੁਲਿਸ ਦੀ ਮੌਜੂਦਗੀ ਨੂੰ ਯਕੀਨੀ ਬਣਾ ਕੇ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ, ਡੋਮੀਨੇਸ਼ਨ ਆਪਰੇਸ਼ਨਾਂ ਨੂੰ ਹੋਰ ਤੇਜ਼ ਕਰਨ ਅਤੇ ਹੋਰਨਾਂ ਰੋਕਥਾਮ ਅਤੇ ਜਾਸੂਸੀ ਉਪਾਵਾਂ ਨੂੰ ਵਧਾਉਣ ਦੇ ਨਿਰਦੇਸ਼ ਵੀ ਦਿੱਤੇ ਹਨ।ਡੀਜੀਪੀ ਨੇ ਕਿਹਾ ਕਿ ਇਸ ਕੜੀ ਸੁਰੱਖਿਆ ਨਾਲ ਪੁਲਿਸ ਕਰਮਚਾਰੀ ਕਿਸੇ ਵੀ ਸੰਭਾਵੀ ਖਤਰੇ ਜਾਂ ਗਤੀਵਿਧੀ ਨੂੰ ਰੋਕਣ ਲਈ ਖਾਸ ਕਰਕੇ ਰਾਤ ਨੂੰ ਨਿਯਮਤ ਤੌਰ 'ਤੇ ਗਸ਼ਤ ਅਤੇ ਚੈਕਿੰਗ ਕਰਨਗੇ। ਉਨ੍ਹਾਂ ਨੇ ਸੀਪੀਜ਼/ਐਸਐਸਪੀਜ਼ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਪੁਲਿਸ ਨਾਕਿਆਂ ਵਿੱਚ ਵਾਧਾ ਕਰਨ ਦੇ ਨਿਰਦੇਸ਼ ਵੀ ਦਿੱਤੇ ਅਤੇ ਭੀੜ ਵਾਲੇ ਖੇਤਰਾਂ, ਹੌਟਸਪੌਟਸ ਅਤੇ ਹੋਰ ਸੰਵੇਦਨਸ਼ੀਲ ਥਾਵਾਂ 'ਤੇ ਪੁਲਿਸ ਦੀ ਤਾਇਨਾਤੀ ਨੂੰ ਯਕੀਨੀ ਬਣਾਉਣ ਲਈ ਕਿਹਾ।ਇਸ ਦੌਰਾਨ, ਆਊਟਰੀਚ ਸੈਸ਼ਨ ਦੇ ਹਿੱਸੇ ਵਜੋਂ, ਡੀਜੀਪੀ ਪੰਜਾਬ ਨੇ ਸਟੇਸ਼ਨ ਹਾਊਸ ਅਫ਼ਸਰਾਂ (ਐਸਐਚਓਜ਼) ਸਮੇਤ ਸਾਰੇ ਰੈਂਕਾਂ ਦੇ ਅਧਿਕਾਰੀਆਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਅੰਤਰ-ਜ਼ਿਲ੍ਹਾ ਤਾਲਮੇਲ ਨੂੰ ਮਜ਼ਬੂਤ ਕਰਨ ਅਤੇ ਡਰੱਗ ਸਪਲਾਈ ਚੇਨਾਂ ਨੂੰ ਨਸ਼ਟ ਕਰਨ ਲਈ ਖੁੱਲ੍ਹੀ ਚਰਚਾ ਅਤੇ ਅਹਿਮ ਖੇਤਰੀ ਜਾਣਕਾਰੀ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕੀਤਾ।ਇਸ ਮੀਟਿੰਗ ਵਿੱਚ ਸੀਪੀ ਜਲੰਧਰ ਰੇਂਜ ਧਨਪ੍ਰੀਤ ਕੌਰ, ਸੀਪੀ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ, ਸੀਪੀ ਲੁਧਿਆਣਾ ਸਵਪਨ ਸ਼ਰਮਾ, ਡੀਆਈਜੀ ਜਲੰਧਰ ਰੇਂਜ ਨਵੀਨ ਸਿੰਗਲਾ, ਡੀਆਈਜੀ ਰੋਪੜ ਰੇਂਜ ਹਰਚਰਨ ਸਿੰਘ ਭੁੱਲਰ, ਡੀਆਈਜੀ ਬਾਰਡਰ ਰੇਂਜ ਨਾਨਕ ਸਿੰਘ, ਐਸਐਸਪੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ, ਐਸਐਸਪੀ ਗੁਰਦਾਸਪੁਰ ਅਦਿੱਤਿਆ, ਐਸਐਸਪੀ ਬਟਾਲਾ ਸੁਹੇਲ ਕਾਸਿਮ ਮੀਰ, ਐਸਐਸਪੀ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ, ਐਸਐਸਪੀ ਕਪੂਰਥਲਾ ਗੌਰਵ ਤੂਰਾ, ਐਸਐਸਪੀ ਹੁਸ਼ਿਆਰਪੁਰ ਸੰਦੀਪ ਮਲਿਕ, ਐਸਐਸਪੀ ਪਠਾਨਕੋਟ ਦਿਲਜਿੰਦਰ ਸਿੰਘ ਢਿੱਲੋਂ, ਐਸਐਸਪੀ ਐਸਬੀਐਸ ਨਗਰ ਮਹਿਤਾਬ ਸਿੰਘ, ਐਸਐਸਪੀ ਖੰਨਾ ਡਾ. ਜੋਤੀ ਯਾਦਵ, ਐਸਐਸਪੀ ਜਗਰਾਉਂ ਅੰਕੁਰ ਗੁਪਤਾ, ਐਸਐਸਪੀ ਰੂਪਨਗਰ ਗੁਲਨੀਤ ਸਿੰਘ ਖੁਰਾਣਾ, ਐਸਐਸਪੀ ਐਸਏਐਸ ਨਗਰ ਹਰਮਨਦੀਪ ਹੰਸ ਅਤੇ ਐਸਐਸਪੀ ਫਤਿਹਗੜ੍ਹ ਸਾਹਿਬ ਸੁਭਮ ਅਗਰਵਾਲ ਸਮੇਤ ਹੋਰ ਅਧਿਕਾਰੀ/ਕਰਮਚਾਰੀ ਸ਼ਾਮਲ ਸਨ।


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੇ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA

# ARCPOINT LABS

## OF MANTECA

Accurate, Reliable, Confidential Testing.

**ਸਾਡੀਆਂ ਸੇਵਾਵਾਂ :**

**DOT ਦੇ Drug ਤੇ Alcohal Testing**
**Pre- Employment Testing | Physicals**
**Hair & Nail Testing | Immigration DNA**
**Paternity & Relationship DNA**

**Health Checkups ਜਿਵੇਂ :**


Cholestrol Test


Heart Health


Thyroid Test


Diabetes Test


Food Allergy



Vitamin & Nutrient Test

**ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ**




**ਵਧੇਰੇ ਜਾਣਕਾਰੀ ਲਈ ਕਾਲ ਕਰੋ :**

**(209) 629-8282 | (209) 505-6384**

**Address : 119. Maple AVe, Suite A Manteca, CA 95336**

# ਮੋਦੀ ਸਰਕਾਰ ਦੀਆਂ ਸਹੂਲਤਾਂ ਬਿਨਾਂ ਭੇਦਭਾਵ ਘਰ ਘਰ ਤੱਕ ਪਹੁੰਚਾਉਣ ਲਈ ਕੀਤੇ ਜਾ ਰਹੇ ਹਨ ਉਪਰਾਲੇ- ਹਰਜੀਤ ਸੰਧੂ

ਤਰਨ ਤਾਰਨ
ਰਕੇਸ਼ ਨਈਅਰ

ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਜਿਸ ਦੀ ਅਗਵਾਈ ਕਾਮਯਾਬ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਹੇ ਹਨ ਵੱਲੋਂ ਦੇਸ਼ ਦੇ ਹਰ ਕੋਨੇ ਵਿੱਚ ਬਿਨਾਂ ਭੇਦਭਾਵ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਪਿੰਡ ਪੰਡੋਰੀ ਸਿੱਧਵਾਂ ਵਿਖੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਨੌਜਵਾਨ ਪਾਰਟੀ ਆਗੂ ਕਨਵਰਦੀਪ ਸਿੰਘ ਦੇ ਗ੍ਰਹਿ ਵਿਖੇ ਉਨਾਂ ਦੀ ਸਮੁੱਚੀ ਟੀਮ ਦੇ ਉੱਦਮਾਂ ਸਦਕਾ ਮੋਦੀ ਸਰਕਾਰ ਵਿਸ਼ੇਸ਼ ਅਭਿਆਨ ਤਹਿਤ ਆਨਲਾਈਨ ਸਕੀਮਾਂ ਦਾ ਕੈਂਪ ਲਗਾਇਆ ਗਿਆ ਅਤੇ ਮੌਕੇ 'ਤੇ ਹੀ ਸਹੂਲਤਾਂ ਨਾਲ ਸੰਬੰਧਤ ਕਾਰਡ ਵੀ ਬਣਾ ਕੇ ਦਿੱਤੇ ਗਏ। ਜਿਸ ਨਾਲ ਚਿਰਾਂ ਤੋਂ ਨਿਰਾਸ਼ ਲੋਕ ਮੋਦੀ ਸਰਕਾਰ ਦੀਆਂ ਸਕੀਮਾਂ ਤੋਂ ਖੁਸ਼ ਅਤੇ ਪ੍ਰਭਾਵਿਤ ਹੋਏ।ਇਸ ਮੌਕੇ 'ਤੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਹਮੇਸ਼ਾਂ ਹੀ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਧੋਖਾ ਦਿੱਤਾ ਅਤੇ ਵਿਸ਼ਵਾਸ਼ਘਾਤ ਕਰਨ ਤੋਂ ਇਲਾਵਾ ਪੰਜਾਬੀਆਂ ਨੂੰ ਕੁਝ ਨਹੀਂ ਦਿੱਤਾ ਇਸ ਕਰਕੇ ਲੋਕ ਇਨਾਂ ਸਾਰੀਆਂ ਰਵਾਇਤੀ ਪਾਰਟੀਆਂ ਦੀਆਂ ਲੂੰਬੜਚਾਲਾਂ ਸਮਝ ਚੁੱਕੇ ਹਨ ਅਤੇ ਹੁਣ ਭਾਰਤੀ ਜਨਤਾ ਪਾਰਟੀ ਉੱਪਰ ਹੀ ਆਸ ਦੀ ਕਿਰਨ ਬਣਦੀ ਦੇਖ ਰਹੇ ਹਨ,ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਲੋਕਾਂ ਦਾ ਜੀਵਨ



ਪੱਧਰ ਉੱਚਾ ਚੁੱਕਣ ਲਈ ਬਿਨਾਂ ਭੇਦਭਾਵ ਲੋਕਾਂ ਤੱਕ ਸਹੂਲਤਾਂ ਪਹੁੰਚਾਉ ਲਈ ਜੋ ਸੁਪਨਾ ਲਿਆ ਹੈ ਉਸ ਨੂੰ ਪੂਰਾ ਕਰਨ ਲਈ ਸਾਨੂੰ ਵੀ ਭਾਜਪਾ ਨੂੰ ਸਤਿਕਾਰ ਅਤੇ ਬਹੁਮਤ ਦੇਣਾ ਜਰੂਰੀ ਹੈ,ਤਾਂ ਹੀ ਪੰਜਾਬ ਦੀ ਸੱਤਾ 'ਤੇ ਭਾਜਪਾ ਬੈਠ ਕੇ ਪੰਜਾਬੀਆਂ ਲਈ ਇਤਿਹਾਸਕ ਮੀਲ ਪੱਥਰ ਸਥਾਪਿਤ ਕਰੇਗੀ ਕਿਉਂਕਿ ਇਹ ਬਿਲਕੁਲ ਸੱਚ ਹੈ ਕਿ ਪੰਜਾਬ ਦਾ ਭਵਿੱਖ ਸਿਰਫ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹੈ।ਉਨਾਂ ਕਿਹਾ ਕਿ ਸਮੁੱਚੀ ਟੀਮ ਦੇ ਸਹਿਯੋਗ ਨਾਲ ਪਿੰਡ-ਪਿੰਡ ਘਰ ਘਰ ਜਾ ਕੇ ਭਾਰਤੀ ਜਨਤਾ ਪਾਰਟੀ ਦੀਆਂ ਰੀਤੀਆਂ ਨੀਤੀਆਂ ਤੋਂ ਜਾਣੂ ਕਰਵਾ ਕੇ ਲੋਕਾਂ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਵੀ ਭਾਜਪਾ ਦੀਆਂ ਨੀਤੀਆਂ ਨੂੰ ਸਮਝ ਚੁੱਕੇ ਹਨ ਅਤੇ ਧੜਾਧੜ ਭਾਜਪਾ ਵਿੱਚ ਸ਼ਮੂਲੀਅਤ ਕਰ ਰਹੇ ਹਨ।ਇਸ ਮੌਕੇ 'ਤੇ ਲਗਾਏ ਗਏ ਕੈਂਪ ਵਿੱਚ ਲੋਕਾਂ ਨੂੰ ਮੁਫਤ ਇਲਾਜ ਲਈ ਮੈਡੀਕਲ ਕਾਰਡ,ਕਿਸਾਨ ਸਨਮਾਨ ਨਿਧੀ ਯੋਜਨਾ,ਅਵਾਸ ਯੋਜਨਾ,ਈ-ਸ਼੍ਰਮ ਕਾਰਡ,ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ,ਐੱਨ.ਐੱਸ.ਏ.ਪੀ ਤਹਿਤ ਪੈਨਸ਼ਨ,ਪ੍ਰਧਾਨ ਮੰਤਰੀ ਸੂਰਯਾ ਘਰ ਮੁਫਤ ਬਿਜਲੀ ਯੋਜਨਾ,ਟੂਲ ਕਿੱਟ,ਸਿਲਾਈ ਸਿਖਲਾਈ ਕੈਂਪ ਆਦਿ ਸਕੀਮਾਂ ਤਹਿਤ ਲੋਕਾਂ ਨੂੰ ਸਹੂਲਤ ਦਿੱਤੀ ਗਈ।ਇਸ ਮੌਕੇ 'ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ,ਮਹਾਂ ਮੰਤਰੀ ਸੁਰਜੀਤ ਸਿੰਘ ਸਾਗਰ,ਐਸਸੀ ਮੋਰਚਾ ਪ੍ਰਧਾਨ ਅਵਤਾਰ ਸਿੰਘ ਬੰਟੀ,ਸਰਕਲ ਪ੍ਰਧਾਨ ਭੋਲਾ ਸਿੰਘ ਰਾਣਾ,ਮੋਰਚਾ ਜਨਰਲ ਸਕੱਤਰ ਹਰਜੀਤ ਸਿੰਘ ਕੰਗ,ਮਾਸਟਰ ਬਲਦੇਵ ਸਿੰਘ ਮੰਡ,ਬਲਧੀਰ ਸਿੰਘ,ਸਵਿੰਦਰ ਸਿੰਘ ਠੱਠਗੜ,ਪਿੰਡ ਪੰਡੋਰੀ ਸਿੱਧਵਾਂ ਦੇ ਮੋਹਤਬਰ ਲੋਕ ਜਿੰਨਾਂ ਵਿੱਚ ਪੰਚਾਇਤ ਮੈਂਬਰ ਪ੍ਰਭਜੀਤ ਸਿੰਘ,ਰਣਜੀਤ ਸਿੰਘ,ਅੰਮ੍ਰਿਤ ਸਿੰਘ,ਪਰਮਿੰਦਰ ਸਿੰਘ, ਲਖਬੀਰ ਸਿੰਘ,ਗੁਰਜੀਤ ਸਿੰਘ,ਗੁਰਪ੍ਰੀਤ ਸਿੰਘ,ਸ਼ਰਨਬੀਰ ਸਿੰਘ,ਹਰਜਿੰਦਰ ਸਿੰਘ,ਗੁਰਨਾਮ ਸਿੰਘ,ਜੋਬਨਪ੍ਰੀਤ ਸਿੰਘ,ਗੁਰਪ੍ਰੀਤ ਸਿੰਘ,ਸਤਨਾਮ ਸਿੰਘ,ਹਰਪ੍ਰੀਤ ਸਿੰਘ ਆਦਿ ਪਾਰਟੀ ਆਗੂ ਸਾਹਿਬਾਨ ਮੌਜੂਦ ਸਨ।

## ਡੀਸੀ ਤਰਨਤਾਰਨ ਨੇ ਡਰੋਨ ਰਾਹੀਂ ਦਰਿਆ ਬਿਆਸ ਵਿੱਚ ਪਾਣੀ ਦੇ ਵਹਾਅ ਅਤੇ ਖੇਤਾਂ 'ਚ ਫਸਲਾਂ ਦੇ ਨੁਕਸਾਨ ਦਾ ਲਿਆ ਜਾਇਜ਼ਾ

ਤਰਨ ਤਾਰਨ
ਰਕੇਸ਼ ਨਈਅਰ



